ੴ

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਮਾਨਯਵਰ ਬਾਊ ਮਲ ਸਿੰਘ ਜੀ

JULY 1980



ਜੁਲਾਈ ੧੯੮੦

ਆਪ ਜੀ ਦੀ ਪਹਿਲੀ ਸਾਲਾਨਾ ਬਰਸੀ 20 ਜੁਲਾਈ ਨੂੰ ਸ੍ਰੀ ਤਰਨ ਤਾਰਨ ਮਨਾਈ ਜਾ ਰਹੀ ਹੈ ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

## ਤਤਕਰਾ


| | | |
|---|---|---|
| ਸ੍ਰੀ ਜਪੁਜੀ ਸਾਹਿਬ ਵਿਖੇ ਦਿਤੇ ਪੰਜ ਖੰਡ (੩) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੮ |
| ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ | ਪ੍ਰਿੰਸੀਪਲ ਇੰਦਰ ਕੌਰ ਜੀ | ੧੩ |
| ਸੁੰਞੇ ਘਰ ਕਾ ਪਾਹੁਣਾ | ਮਾਸਟਰ ਜੋਗਿੰਦਰ ਸਿੰਘ ਜੀ ਬੜੂੰਦੀ | ੧੫ |
| ਕਲਾ ਕ੍ਰਿਸ਼ਮਾਇਣੀ ਅਰਦਾਸ | ਪ੍ਰਿੰਸੀਪਲ ਇੰਦਰ ਕੌਰ ਜੀ | ੧੭ |
| ਗੁਰੂ ਕਾ ਲੰਗਰ | 'ਸੂਰਾ' ਪਰਵਾਰ | ੧੯ |
| ਕੜਾਹ ਪ੍ਰਸ਼ਾਦ | ਗਿਆਨੀ ਊਧਮ ਸਿੰਘ ਜੀ | ੨੦ |
| ਮੀਰੀ ਪੀਰੀ ਦੋ ਤਲਵਾਰਾਂ (ਕਵਿਤਾ) | ਮਾਸਟਰ ਮਾਘ ਸਿੰਘ ਜੀ | ੨੩ |
| ਸ਼ਹਿਨਸ਼ਾਹ ਤੂੰ ਮੀਰੀ ਦਾ ਪੀਰ ਵਡਾ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੨੪ |
| ਅਬਦਾਲੀ ਸਿੱਖ ਤੇ ਵੱਡਾ ਘਲੂਘਾਰਾ (੨੩) | ਕੈਪਟਨ ਸਵਰਨ ਸਿੰਘ ਜੀ | ੨੫ |
| ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਵਿਸ਼ਾਲ ਜੀਵਨ | 'ਸੂਰਾ' ਪਰਵਾਰ | ੩੪ |
| ਤਪੋਬਨ ਕੁਮਾਰ ਹੱਟੀ ਦੇ ਸਮਾਗਮ | ਜਥੇਦਾਰ ਰਾਮ ਸਿੰਘ ਜੀ | ੩੯ |
| ਪਾਵਨ ਬੀੜਾਂ ਦੀ ਬੇਅਦਬੀ ਰੋਕਣ ਦੀ ਮੰਗ | — — — | ੪੧ |
| ਪੁਲਿਸ ਵਲੋਂ ਸਖ਼ਤੀ ਤੇ ਅਤਿਆਚਾਰ | — — — | ੪੨ |


## ਤਰਨ ਤਾਰਨ ਵਿਖੇ ਸ੍ਰੀਮਾਨ ਬਾਊ ਮਲ ਸਿੰਘ ਜੀ ਦੀ ਪਹਿਲੀ ਸਾਲਾਨਾ ਬਰਸੀ

ਅਖੰਡ ਕੀਰਤਨੀ ਜਥੇ ਦੇ ਮਹਾਨ ਸਤਿਕਾਰ ਯੋਗ ਰੰਗਲੇ ਸਜਣ ਬਾਊ ਮਲ ਸਿੰਘ ਜੀ ਦੀ ਪਹਿਲੀ ਸਾਲਾਨਾ ਬਰਸੀ ਉਨ੍ਹਾਂ ਦੇ ਗ੍ਰਿਹ ਗਲੀ ਬਾਊ ਮਲ ਸਿੰਘ, ਪਲਾਮੌਰ ਰੋਡ, ਸ੍ਰੀ ਤਰਨ ਤਾਰਨ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਨਾਮ ਬਾਣੀ ਤੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਦਰਸ਼ਨ ਦੇ ਕੇ ਨਿਵਾਜੋ ਜੀ।

18 ਜੁਲਾਈ ਸੁਕਰਵਾਰ ਸਵੇਰੇ 4-30 ਤੋਂ 7-00 ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ ਸਾਹਿਬ
20 ਜੁਲਾਈ ਐਤਵਾਰ ਸਵੇਰੇ 4-30 ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ 10 ਵਜੇ ਤਕ

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੭.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਜੁਲਾਈ ੧੯੮੦ ਅੰਕ ੭


## ਸ੍ਰੀ ਜਪੁ ਜੀ ਸਾਹਿਬ ਵਿਖੇ ਦਿਤੇ ਪੰਜ ਖੰਡ

[ਵਿਆਖਿਆਕਾਰ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਮਈ ਤੇ ਜੂਨ ਦੇ ਪਰਚਿਆਂ ਵਿਚ ਅਗੇ ਦੋ ਲੇਖ ਭਾਈ ਸਾਹਿਬ ਜੀ ਦੇ ਦਿਤੇ ਜਾ ਚੁਕੇ ਹਨ ਕਿ ਇਹ ਖੰਡ ਸਚਮੁਚ ਦੇ ਵਾਸਤਵੀ ਮੰਡਲ ਹਨ; ਇਹ ਨਿਰੀਆਂ ਅਨਭਵੀ ਮਨ ਦੀਆਂ ਬਿਵਸਥਾਂ ਨਹੀਂ ਹਨ।

ਇਸ ਲੇਖ ਵਿਚ ਭਾਈ ਸਾਹਿਬ ਵਲੋਂ ਸਰਮ ਖੰਡ, ਕਰਮ ਖੰਡ ਤੇ ਸਚ ਖੰਡ ਦੀ ਵਿਆਖਿਆ ਹੈ।

—ਸੰਪਾਦਕ

### (੩) ਸਰਮ ਖੰਡ--

ਜਦ ਗਿਆਨ ਖੰਡ ਤੋਂ ਬਿਸਮ ਖੰਡ ਵਿਚ ਜਾ ਸਮਾਈ ਹੁੰਦੀ ਹੈ ਤਾਂ ਉਸ ਬਿਸਮ ਖੰਡ ਦਾ ਨਾਉਂ ਗੁਰਮਤਿ ਅਨੁਸਾਰ, ਅਰਥਾਤ ਸਿਰੀ ਜਪੁਜੀ ਸਾਹਿਬ ਦੀ ਛਤੀਵੀਂ ਪਉੜੀ ਅਨੁਸਾਰ "**ਸਰਮ ਖੰਡ**" ਪਰਸਿਧ ਹੈ। ਇਹ ਬਿਸਮਾਦ ਜਨਕ ਅਤੇ ਅਨੂਪਮ ਮੰਡਲ ਹੈ। ਏਸ ਸਰਮ ਖੰਡ ਮੰਡਲ ਵਿਖੇ ਪਰਵੇਸ਼ਤਾ ਪਾ ਕੇ ਜੀਵਨ-ਮੁਕਤਿ ਗੁਰਮੁਖ ਜਨਾਂ ਨੂੰ (ਸਣ—ਦੇਹ ਬਿਦੇਹ ਦੋਹਾਂ ਹਾਲਤਾਂ ਵਿਚ, ਅਰਥਾਤ ਇਸ ਲੋਕ ਵਿਚ




www.AKJ.Org

ਰਹਿੰਦੇ ਭੀ ਅਤੇ ਉਸ ਪਾਰ ਲੋਕ ਵਿਖੇ ਜਾ ਕੇ ਭੀ) ਪਰਮ ਅਦਿਭੁਤ ਅਨਹਦਾਰੇ ਆਤਮ ਆਨੰਦ ਪਰਾਪਤ ਹੁੰਦੇ ਹਨ । ਯਥਾ:—

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਭਾਵ ਸਰਮ ਖੰਡ ਵਿਖੇ ਪਰਵੇਸ਼ਤਾ ਪਾ ਕੇ ਇਹ ਵਰਤਾਰਾ ਵਰਤਦਾ ਹੈ ਕਿ ਅਨਹਦ ਨਾਦੀ ਬਿਸਮਾਦ ਆਨੰਦ ਦਾ ਅਗਾਧ ਸੁਆਦ ਚੱਖ ਕੇ ਸਰਮ ਖੰਡ ਪਰਵੇਸ਼ੀਆਂ ਰੂਹਾਂ ਰਸ-ਜੋਤਿ ਮਖਮੂਰ ਹੋ ਕੇ ਨੂਰੋ ਨੂਰ ਹੋ ਜਾਂਦੀਆਂ ਹਨ । ਤਿਨ੍ਹਾਂ ਦਿਬ-ਕਰਾਂਤੀ ਲਤਾਫ਼ਤੀ ਰੂਹਾਂ ਦੇ ਅਤਿ ਸੂਖਮ ਨੂਰਾਨੀ ਸਰੂਪ ਬਿਚੱਖਣੀ ਜਾਮਿਆਂ ਦੀ ਝਾਲ ਨਹੀਂ ਝਲੀ ਜਾਂਦੀ । ਸੋ ਸਰਮ ਖੰਡ ਵਿਖੇ ਪੁਗ ਖਲੋਣ ਦੀ ਇਹ ਨੀਸ਼ਾਨੀ ਹੈ । ਤਿਥੈ ਪੁਗ ਖਲੋਏ ਗੁਰਮੁਖ ਜਨਾਂ ਦੇ ਜੋਤਿ ਰੂਹਾਨੀ ਜਾਮੇ ਅਤਿ ਅਨੂਪਮੀ ਸੁੰਦਰ ਸਰੂਪ ਵਾਲੇ ਹੋ ਜਾਂਦੇ ਹਨ, ਅਤੇ ਸਰਮ ਖੰਡ ਦੇ ਪਰਖਣ ਦੀ ਇਹੋ ਨੀਸ਼ਾਨੀ ਹੈ ਕਿ ਤਿਥੇ ਬਿਸਮ ਸੁੰਦਰਤਾ ਸਰੂਪੀ ਰੂਪ ਅਰੂਪੀ ਨੂਰ ਹੀ ਨੂਰ ਵਰਸਦਾ ਹੈ । ਤਿਥੇ (ਸਰਮ ਖੰਡ ਵਿਖੇ) ਰੂਹ ਜੋਤਿ ਜਾਮਿਆਂ ਦੀ ਰੂਪ ਬਿਚੱਖਣੀ ਕਾਇਆਂ ਪਲਟ ਹੋ ਜਾਂਦੀ ਹੈ । ਨਵ-ਜੀਵਣੀ ਨਵ-ਜੋਤਨੀ ਜੋਬਨਾਂ ਦੀਆਂ ਅਦਿਭੁਤ ਅਤੇ ਅਤਿ ਅਨੂਪਮ ਨਵਲ ਘਾੜਤਾਂ ਘੜੀਆਂ ਜਾਂਦੀਆਂ ਹਨ । ਤਾ ਕੀਆਂ ਗੱਲਾਂ ਕਥੀਆਂ ਹੀ ਨਹੀਂ ਜਾ ਸਕਦੀਆਂ । ਜੇ ਕੋਈ ਕਹਿਣ ਕਥਨ ਦੀ ਮਨ-ਮਤਸਰੀ ਹਮਾਕਤ ਕਰਦਾ ਭੀ ਹੈ, ਉਹ ਸ਼ਰਮਿੰਦਾ ਹੁੰਦਾ ਹੈ ਅਤੇ ਪਿਛੋਂ ਪਛਤਾਉਂਦਾ ਹੈ, ਕਿਉਂਕਿ ਉਹ ਤਿਸ ਸਰਮ ਖੰਡ ਦੀ ਪੂਰੀ ਹੂਬਹੂ ਸ਼ਬੀਹ ਉਤਾਰਨੋਂ (ਕਥਨੀ ਕਰ ਕੇ) ਕਾਸਰ ਰਹਿੰਦਾ ਹੈ । ਤਾਂ ਤੇ ਉਸ ਨੂੰ ਸ਼ਰਮਿੰਦਗੀ ਹੀ ਉਠਾਉਣੀ ਪੈਂਦੀ ਹੈ । ਤਿਥੇ (ਸਰਮ ਖੰਡ ਵਿਖੇ) ਅੰਤਸ਼ਕਰਣ ਦੀ ਸੁਰਤੀ ਮਤਿ, ਬੁਧਿ ਬਦਲ ਕੇ ਨਵ-ਜੋਤਿ ਜਲਵਨ ਸਦ ਨਵ - ਕਰਾਂਤਨੀ ਹੋ ਜਾਂਦੀ ਹੈ । ਮੁੜ ਕੇ ਨਵੀਂ ਟਕਸਾਲ ਵਿਚ ਘੜੀ ਜਾਂਦੀ ਹੈ । ਨਵਲ ਜੋਤਿ ਲਤਾਫ਼ਤੀ ਸੰਚੇ ਵਿਚ ਘੜੀ ਜਾ ਕੇ ਅਰਸ਼ਾਂ ਕੁਰਸ਼ਾਂ ਵਾਲੀ ਸ਼ਬਦ ਜੋਤਿ ਵਿਗਾਸਨੀ ਸੁਰਤੀ ਹੋ ਜਾਂਦੀ ਹੈ । ਪਰਮ ਪਰਮਾਰਥੀ ਕੋਮਲਤਾ ਵਾਲੀ ਮਤਿ ਸੁਮਤਿ ਪਲਟ ਜਾਂਦੀ ਹੈ ਅਤੇ ਪਰਮ ਸੂਖਮ ਮੰਡਲਾਂ ਵਾਲੀ ਸੁੰਦਰ ਸ਼ਬਦ ਸੁਰਤਨੀ ਸੁਬੁਧੀ ਹੋ ਜਾਂਦੀ ਹੈ । ਤਿਨ੍ਹਾਂ ਗੁਰਮੁਖ ਜਨਾਂ ਦੀ ਸਰਮ ਖੰਡ ਵਿਖੇ ਸਮਾਈ ਹੋਇ ਆਂਵਦੀ ਹੈ, ਜਿਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਪਲੈ ਪਾਇ ਲਿਆ ਹੁੰਦਾ ਹੈ । ਦਰ-ਢਠਿਆਂ ਦਰ-ਪੁਜਿਆਂ (ਪੰਨੈ ਪੈ ਚੁਕਿਆਂ) ਦੀ ਪੈਜ ਆਪ ਪ੍ਰੀਤਮ ਪ੍ਰਭੂ ਪਾਲਦਾ ਹੈ, ਤਿਨ੍ਹਾਂ ਅਪਣਾਇਆਂ ਹੋਇਆਂ ਪੰਨੈ ਪੈ ਚੁਕੇ ਗੁਰਮੁਖ ਜਨਾਂ ਦੀ ਆਪੇ ਹੀ ਨਿਰੰਕਾਰ ਨਾਰਾਇਣ ਨੂੰ ਸਰਮ ਪੈ ਜਾਂਦੀ ਹੈ ਅਤੇ ਸਰਮ ਪਈ ਪਾਲਣੀ ਪੈਂਦੀ ਹੈ । ਯਥਾ:—

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥੧੧॥ (ਬਾਰਹਮਾਹ ਮਾਝ ਮ: ੫—੧੩੫)

ਦਰ ਪਰਵਾਨ ਹੋਏ ਤੇ ਅਪਣਾਏ ਹੋਏ ਵਾਹਿਗੁਰੂ ਦੇ ਸਰਮ-ਪਾਤਰਾਂ ਦਾ ਖੰਡ ਹੋਣ ਕਰਕੇ ਹੀ ਇਸ ਖੰਡ ਦਾ ਨਾਉਂ **ਸਰਮ ਖੰਡ** ਹੈ । ਸਰਮ ਖੰਡ ਵਿਚ ਅਕਾਲੀ ਜਲਾਲ ਦਿਬ ਜਮਾਲ ਮਈ ਰੂਪ (ਸੁੰਦਰਤਾ) ਦੀ ਪ੍ਰਧਾਨਤਾ ਹੈ । ਬਾਣੀ ਦੇ ਅਰਥ ਪ੍ਰਧਾਨਤਾ ਹੈ । ਇਸੇ ਲਈ ਉਚਾਰਨ ਹੋਇਆ ਹੈ ਕਿ "ਸਰਮ ਖੰਡ ਕੀ ਬਾਣੀ ਰੂਪੁ ।"

ਸਰਮ ਖੰਡ ਵਿਖੇ ਪੁਗ ਖਲੋਏ ਸੁਰਤੀਸ਼ਰੀ ਗੁਰਮੁਖ ਜਨਾਂ ਦੀ ਸੁਰਤੀ ਜਦ ਅਜਿਹੀ ਪੱਕ ਜਾਂਦੀ ਹੈ, ਉਹ ਓਦੂੰ ਹਿਠਾਹਾਂ ਨਹੀਂ ਆਉਂਦੇ ਅਤੇ ਸੁਰਤੀ ਉਹਨਾਂ ਦੀ ਜਦ ਅਜਿਹੀ ਬਲਵਾਨ ਹੋ ਜਾਂਦੀ ਹੈ ਕਿ ਸੁਤੇ ਸਿੱਧ ਹੀ ਤਿਨ੍ਹਾਂ ਦੀ ਸੁਰਤਿ ਆਧੀਨਤਾ ਅੰਦਰ ਸਭ ਕਿਛ ਹੀ ਵਸਗਤਿ ਆ ਜਾਂਦਾ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—



www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ ਧਨਾਸਰੀ ਮ: ੫–੬੮੦

ਸਰਸ ਪੈਣ ਅਰਥਾਤ ਅਕਾਲ ਪੁਰਖ ਦੀ ਪ੍ਰਸੰਨਤਾ ਦੇ ਭਾਗੀ ਹੋਣ ਪਰ ਹੀ ਉਹ ਗੁਰਮੁਖ ਪ੍ਰਮਾਤਮਾ ਦੀ ਨਦਰ ਮਿਹਰ ਦੇ ਪਾਤ੍ਰ ਬਣਦੇ ਹਨ ।

## (੪) ਕਰਮ ਖੰਡ––

ਤਦ ਅਜਿਹੇ ਆਤਮ-ਜਿਤ-ਬਲੀ-ਸੂਰਮੇ ਗੁਰਮੁਖ ਜਨ ਦਾ ਪਰਵੇਸ਼ ਨਦਰ ਖੰਡ, ਅਰਥਾਤ ਕਰਮ ਖੰਡ ਵਿਖੇ ਹੋ ਜਾਂਦਾ ਹੈ । ਕਰਮ ਖੰਡ ਨਦਰ ਬਖਸ਼ਿਸ਼ ਫ਼ਜ਼ਲ ਦਾ ਖੰਡ ਹੈ । ਤਿਥੈ ਤਿਨ੍ਹਾਂ ਬੇਅੰਤ ਬਖਸ਼ੀਆਂ ਗਈਆਂ ਰੂਹਾਂ ਦਾ ਵਾਸਾ ਹੈ ਜੋ ਅਕਾਲ ਪੁਰਖ ਦੇ ਖਾਸ ਨਦਰ ਮੇਹਰ ਦੇ ਪਾਤਰ ਹੋਏ ਹਨ । ਇਹ ਨਦਰ ਮਿਹਰਾਂ ਨਾਲ ਨਿਹਾਲੋ ਨਿਹਾਲ ਹੋਏ ਕਰਮਵੰਤ ਖਾਸੁਲ-ਖਾਸ ਮਨਜ਼ੂਰੇ-ਨਜ਼ਰ ਮਹਾਂ ਪੁਰਖ ਸਰਬ ਸ਼ਕਤੀਮਾਨ ਅਕਾਲ ਪੁਰਖ ਦੀ ਮਹਾਂ ਸ਼ਕਤੀ ਨਾਲ ਸਦਾ ਸਰਸ਼ਾਰ ਰਹਿੰਦੇ ਹਨ । ਮਹਾਂ ਤੇਜਵੰਤ, ਮਹਾਂ ਜੋਤਿਵੰਤ ਤਿਨ੍ਹਾਂ ਦੀ ਕ੍ਰਾਂਤਿ ਹੈ । ਸੋ ਕਰਮ ਖੰਡ ਵਿਖੇ ਨਿਰਾ ਜੋਤਿ ਜੋਤੰਨਾ, ਜੋਤਿ ਰਤੰਨਾ, ਜੋਤਿ ਸ਼ਕਤੰਨਾ ਤੇਜੁ ਬਲੁ (ਜੋਰੁ) ਹੀ ਵਿਦਮਾਨ ਤੇ ਪ੍ਰਧਾਨ ਹੈ । ਤਿਥੈ (ਕਰਮ ਖੰਡ ਵਿਖੇ) ਸ਼ਬਦ ਅਨਹਦਾਣੇ ਨੈਸਾਣ ਬਲ ਤੇਜ ਬਿਨਾਂ ਹੋਰ ਕਿਸੇ ਚੀਜ਼ ਦੀ ਸਮਾਈ ਨਹੀਂ । ਤਿਥੈ ਜੋਧ ਮਹਾਂ ਬਲ ਸੂਰਿਆਂ, ਜੋਤਿ ਤੇਜ ਰੰਗ ਰਤੜੇ ਭਗਤ ਰਸਾਲਿਆਂ ਬਿਨਾਂ ਹੋਰ ਕਿਸੇ ਦਾ ਵਾਸਾ ਨਹੀਂ ਹੋ ਸਕਦਾ, ਤਿਨ੍ਹਾਂ ਜੋਧ ਮਹਾਂ ਬਲ ਸੂਰਿਆਂ ਅੰਦਰ ਸਰਬ ਸ਼ਕਤੀਮਾਨ (Almighty) ਰਮਤ ਰਾਮ ਅਕਾਲ ਪੁਰਖ ਵਾਹਿਗੁਰੂ ਹੀ ਨਕਾ-ਨਕ ਭਰਪੂਰ ਹੈ । ਜੋਤਿ ਤੇਜ ਸ਼ਕਤੰਨਾ ਹੋ ਕੇ, ਸਰਬ ਸ਼ਕਤ ਸੰਪੰਨਾ ਹੋ ਕੇ ਭਰਪੂਰ ਹੈ । ਤਾਂ ਹੀ ਤੇ ਤਿਥੇ (ਕਰਮ ਖੰਡ) ਦੇ ਵਾਸੀ ਜੋਧ ਮਹਾਂ ਬਲ ਸੂਰ ਹਨ । ਤਿਥੇ (ਕਰਮ ਖੰਡ) ਵਿਖੇ ਵਸਣਹਾਰੀਆਂ ਰੂਹਾਂ (ਸੀਤਾਂ ਦੇ ਅਰਥ ਰੂਹਾਂ ਹਨ) ਅਕਾਲ ਪੁਰਖ ਦੀ ਮਹਿਮਾ ਵਿਚ ਸੀਤੀਆਂ ਪ੍ਰੋਤੀਆਂ ਰਹਿੰਦੀਆਂ ਹਨ । ਜਿਨ੍ਹਾਂ ਦੇ ਦਿਬ ਮੂਰਤਿ ਮਹਾਂ ਅਨੂਪ ਅਰੂਪ ਰੂਪ ਕਥੇ ਨਹੀਂ ਜਾਂਦੇ । ਤਿਨ੍ਹਾਂ ਨੂੰ ਕਾਲ ਨਹੀਂ ਪੋਹ ਸਕਦਾ, ਨਾ ਤਿਨ੍ਹਾਂ ਨੂੰ ਰਾਜ ਮਾਲ ਰੂਪ ਜਾਤ ਜੋਬਨ ਠਗਮੂਰੀਆ ਜਾਲ ਹੀ ਕੋਈ ਜੋਹ ਸਕਦਾ ਹੈ, ਕਿਉਂਕਿ ਓਹਨਾਂ ਦੇ ਅੰਤਰਿ ਆਤਮੈ ਸੁੰਦਰਤਾ ਦਾ ਜੋਤਿ-ਚਸ਼ਮਾ ਸੁੰਦਰਾਂ ਦਾ ਸੁੰਦਰ ਤੇਜਵੰਤ ਵਾਹਿਗੁਰੂ ਪ੍ਰਕਾਸ਼ਮਾਨ ਹੁੰਦਾ ਹੈ ।

## (੫) ਸਚ ਖੰਡ––

ਕਰਮ ਖੰਡ ਵਾਸੀ ਰੂਹਾਂ ਸਚ ਖੰਡ ਦੀ ਨਿਕਟ ਹਜ਼ੂਰੀ ਵਿਚ ਸਨਮੁਖ ਸੋਹੇਂ ਰਹਿੰਦੀਆਂ ਹਨ । ਵਾਸਤਵ ਵਿਚ ਕਰਮ ਖੰਡ ਅਤੇ ਸਚ ਖੰਡ ਅਭੇਦ ਰੂਪ ਹੀ ਹਨ, ਇਸੇ ਕਰਕੇ ਕਰਮ ਖੰਡ ਅਤੇ ਸਚਖੰਡ ਸਿਰੀ ਜਪੁਜੀ ਸਾਹਿਬ ਦੀ ਇਕੋ ਪਉੜੀ ਅੰਦਰ ਇਕੱਠੇ ਹੀ ਦਰਸਾਏ (ਵਰਨਣ ਕੀਤੇ) ਗਏ ਹਨ । ਯਥਾ :–

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥
ਤਿਥੈ ਜੋਧ ਮਹਾ ਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥
ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥
ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥
ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥
ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥
ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥



www.AKJ.Org

ਤਾਂ ਤੇ ਇਸ ਸੈਂਤੀਵੀਂ ਪਉੜੀ ਅੰਦਰ ਹੀ ਕਰਮ ਖੰਡ ਅਤੇ ਸਚਖੰਡ ਦੋਹਾਂ ਦਾ ਨਿਰਣਾ ਹੈ। ਕਰਮ ਖੰਡ ਦਾ ਦਰਵਾਜ਼ਾ ਸਚ ਖੰਡ ਕੀ ਅਤਿ ਨਿਕਟ ਸਮੀਪਤਾ ਵਿਚ ਸੌਹੇਂ ਸਨਮੁਖ ਹੀ ਖੁਲ੍ਹਾ ਹੈ। ਕਰਮ ਖੰਡ ਵਾਸੀ ਭਗਤ ਜਨ ਸਚ ਖੰਡ ਸੌਹੇਂ ਹੁੰਦੇ ਹੋਏ ਇਕ ਪ੍ਰਕਾਰ ਸਚ ਖੰਡ ਦਾ ਹੀ ਰਸ ਮਾਣਦੇ ਹਨ, ਅਰਥਾਤ ਸੁਰਤੀ ਕਰ ਕੇ ਉਨ੍ਹਾਂ ਦੀ ਸਚ ਖੰਡ ਵਿਚ ਪਹੁੰਚ ਹੁੰਦੀ ਹੈ। ਸੋ "ਤਿਥੈ ਭਗਤ ਵਸਹਿ ਕੇ ਲੋਅ" ਵਾਲੀ ਤੁਕ ਕਰਮ ਖੰਡ ਅਤੇ ਸਚ ਖੰਡ ਦੀ ਦੇਹੁਰੀ ਦੀਪਕ ਸਾਂਝੀ ਹੀ ਸਾਂਝਤਾ ਰਖਦੀ ਹੈ। ਸਚ ਖੰਡ ਵਾਸੀ ਭਗਤ ਰਸਾਲਿਆਂ ਦੇ ਭੀ ਬੇਅੰਤ ਲਸ਼ਕਰ ਪਰਵਾਰ ਹਨ, ਜਿਨ੍ਹਾਂ ਦਾ ਸ਼ੁਮਾਰ ਪਾਰਾਵਾਰ ਨਹੀਂ। ਇਹ ਕੇਲੋਈ ਭਗਤ ਜਨ ਸੱਚੇ ਵਾਹਿਗੁਰੂ ਦੀ ਪਰਮ ਆਨੰਦ ਮਈ ਭਗਤੀ ਦਾ ਮਹਾਂ ਰਸ ਮਾਣਿ ਮਾਣਿ ਸਦਾ ਕੌਤੂਹਲ ਕਰਦੇ ਰਹਿੰਦੇ ਹਨ। ਕਿਥੇ? ਜਿਥੇ ਸਚਾ ਨਿਰੰਕਾਰ ਸਚ ਖੰਡ ਵਿਖੇ ਵਸਦਾ ਹੈ ਅਤੇ ਨਦਰੀ ਨਦਰ ਨਿਹਾਲਨੀ ਦ੍ਰਿਸ਼ਟੀ ਕਰਿ ਕਰਿ ਆਪਣੇ ਭਗਤ ਜਨਾਂ ਨੂੰ ਵੇਖਿ ਵੇਖਿ ਵਿਗਸਦਾ ਹੈ। ਤਿਥੈ ਸਚ ਖੰਡ ਤੋਂ ਸਾਰੇ ਬੇਅੰਤ ਖੰਡਾਂ ਮੰਡਲਾਂ ਵਰਭੰਡਾਂ ਦਾ ਨਜ਼ਾਰਾ ਪ੍ਰਗਟ ਪਾਹਾਰੇ ਦਿਸਦਾ ਹੈ। ਸਮੂਹ ਖੰਡ ਮੰਡਲ ਬ੍ਰਹਿਮੰਡ ਅਕਾਲ ਪੁਰਖ ਦੇ ਬੈਰਾਟ ਸਰੂਪ ਵਜੂਦ ਵਿਚ ਹੀ ਸਮਾਏ ਹੋਏ ਹਨ। ਭਿੰਨ ਹੁੰਦੇ ਹੋਏ ਭੀ ਅਭਿੰਨ ਨਜ਼ਰੀਂ ਆਂਵਦੇ ਹਨ। ਇਤਨੇ ਅਨੇਕਾਂ ਖੰਡ ਮੰਡਲ ਬ੍ਰਹਿਮੰਡ ਦਿਸਦੇ ਹਨ ਕਿ ਜਿਨ੍ਹਾਂ ਨੂੰ ਜੇ ਕੋਈ ਕਥਨ ਲਗੇ ਤਾਂ ਅੰਤ ਨਹੀਂ ਆਉਂਦਾ, ਤਿਨ੍ਹਾਂ ਦੇ ਅੰਤ ਦਾ ਭੀ ਅੰਤ ਨਹੀਂ ਆਉਂਦਾ। ਨਿਰੰਕਾਰ ਦੀ ਰਚਨਾ ਅੰਦਰ ਬੇਅੰਤ ਲੋਆਂ ਦੀਪਾਂ ਮੰਡਲਾਂ ਦੀ ਸਾਕਾਰ ਅਤੇ ਨਿਰੰਕਾਰੀ ਰਚਨਾ ਪਰੇ ਤੋਂ ਪਰੇ ਹੈ। ਜਿਵੇਂ ਜਿਵੇਂ ਸਚੇ ਨਿਰੰਕਾਰ ਪਰੀਪੂਰਨ ਪਰਮਾਤਮਾ ਦਾ ਹੁਕਮ ਹੈ ਤਿਵੇਂ ਤਿਵੇਂ ਇਹ ਨਿਰਾਕਾਰੀ ਸਾਕਾਰੀ ਰਚਨਾ ਦੀ ਕਾਰ ਹੋਈ ਹੈ, ਅਤੇ—

ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥ (ਆਸਾ ਦੀ ਵਾਰ, ਪਉੜੀ ੧)

ਦੇ ਗੁਰਵਾਕ ਅਨੁਸਾਰ ਆਪਣੀ ਰਚਨਾ ਨੂੰ ਵੇਖ ਵੇਖ ਅਤੇ ਵੀਚਾਰ ਵੀਚਾਰ ਰਚਨਹਾਰ ਕਰਤਾਰ ਨਿਰੰਕਾਰ ਵਿਗਸਦਾ ਹੈ। ਸਚ ਖੰਡ ਵਾਸੀ ਭਗਤ ਜਨ ਭੀ ਇਸ ਸਾਰੀ ਅਧਿਭੁਤ ਰਚਨਾ ਨੂੰ ਬਿਸਮਾਦ ਰੰਗਾਂ ਵਿਚ ਵੇਖ ਵੇਖ ਵਿਗਸਦੇ ਹਨ, ਪਰ ਇਸ ਨੂੰ ਕਥਨੀ ਦੁਆਰਾ ਆਖਣ ਭਾਖਣ ਦੀ ਕੁਦਰਤਿ ਨਹੀਂ ਰਖਦੇ, ਕਿਉਂਕਿ ਇਸ ਤੱਤ ਸਾਰ ਕਥਨਾਰ ਦਾ ਕਥਨਾ ਅਤੀਅੰਤ ਹੀ ਕਰੜਾ, ਬੜਾ ਹੀ ਔਖਾ ਹੈ।

ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥
ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥੩੭॥

ਦੇ ਭਾਵ ਦੀ ਐਨ ਅਨਕੂਲਤਾ ਦੇ ਭਾਵ ਵਾਲਾ ਪ੍ਰੋੜ੍ਹਤਾ ਪੂਰਬਕ ਹੇਠ ਲਿਖਿਆ ਗੁਰਵਾਕ ਹੈ। ਯਥਾ:—

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣ ਕਰੈ ਤਾ ਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥

(ਗਉੜੀ ਮਹਲਾ ੫—੨੩੭)

ਇਹ ਸਭ ਸਚ ਖੰਡ ਦਾ ਵਰਣਨ ਹੈ। ਤਿਥੈ (ਸਚ ਖੰਡ ਵਿਖੇ) ਸਦਾ ਹੀ ਸਹਜ ਸਿਫਤਿ ਸਾਲਾਹ ਦੇ ਪ੍ਰਵਾਹ ਚਲਦੇ ਰਹਿੰਦੇ ਹਨ, ਤਿਥੈ ਹੀ ਸਚੀ ਭਗਤੀ ਦਾ ਤੱਤ ਗਿਆਨ ਮਈ ਆਨੰਦ ਆਂਵਦਾ ਹੈ। ਸੱਚੇ ਆਨੰਦ, ਸਦਾ ਆਨੰਦ ਦੀ ਮੌਜ ਬਹਾਰ ਤਿਥੇ ਸਦਾ ਹੀ ਬਣੀ ਰਹਿੰਦੀ ਹੈ, ਤਦੇ ਹੀ ਇਹ ਸਚ ਖੰਡ ਅਸਥਾਨ ਸਦੀਵੀ ਅਨੰਦ ਮਈ ਸੱਚਾ ਨਿਹਚਲ ਥਾਨੁ ਹੈ। ਤਹਾਂ, ਅਰਥਾਤ ਤਿਸ ਅਸਥਾਨ, ਤਿਸ ਨਿਹਚਲ ਸਚ ਥਾਨ


www.AKJ.Org

ਸਚਖੰਡ ਵਿਖੇ ਸਦਾ ਹੀ ਸਤਿਸੰਗ,ਸਚਾ ਸਤਿਸੰਗ ਬਣਿਆ ਰਹਿੰਦਾ ਹੈ। ਸਚ ਖੰਡ ਦੀ ਤਿਸ ਸਚੀ ਸਾਧ ਸੰਗਤਿ ਵਿਖੇ ਸਦਾ ਹੀ ਰਸਾਲ ਗੁਣਾਂ ਦਾ ਅੰਮ੍ਰਿਤ ਝਰਨਾ ਝਰਦਾ ਰਹਿੰਦਾ ਹੈ। ਤਿਥੈ ਭਗਤ ਰਸਾਲਿਆਂ ਦਾ ਅਨਭਉ ਨਗਰ ਅਖੈ ਨਿਹਚਲਤਾ ਸੰਯੁਕਤ ਵਸਿਆ ਰਸਿਆ ਹੋਇਆ ਹੈ । ਇਸ ਅਗੰਮੀ ਦਿਬ ਮੰਡਲ ਮੁਜੱਸਮ ਜੋਤਿ-ਤੇਜਸੀ ਨਗਰ ਦੇ ਨਿਵਾਸੀਆਂ ਭਗਤਾਂ ਨੂੰ ਨਿਰੰਕਾਰ ਵਾਹਿਗੁਰੂ ਦਾ ਸਦਾ ਸਨਮੁਖੀ ਦੀਦਾਰ ਸਾਕਸ਼ਾਤਕਾਰ ਅਨਭਉ ਦਿਬ ਦਰਸਾਰ ਬਣਿਆ ਹੀ ਰਹਿੰਦਾ ਹੈ। ਤਾਂ ਹੀ ਤੇ ਏਹ ਸਚ ਖੰਡ ਨਿਰੰਕਾਰ ਦਾ ਸਾਕਸ਼ਾਤ ਅਨਭਉ ਨਗਰ ਹੈ । ਤਿਸ ਸਚਖੰਡੀ ਅਨਭਉ ਨਗਰ ਵਿਖੇ ਨਾ ਭਉ ਹੈ ਨਾ ਤਿਥੇ ਕਦੇ ਮਉਤ ਹੈ । ਮਉਤ (ਮਿਰਤ) ਤਿਥੇ ਕਦੇ ਹੁੰਦੀ ਹੀ ਨਹੀਂ । ਤ੍ਰੈਗੁਣੀ ਭਉ ਭਰਮ, ਸੋਗ ਚਿੰਤਾ ਅਤੇ ਆਵਾਗਉਣ ਦੇ ਸਿਲਸਿਲੇ ਦਾ ਤਿਥੈ ਨਮੂਦ ਹੀ ਨਹੀਂ । ਤਿਥੈ (ਸਚ ਖੰਡ ਵਿਖੇ) ਸਦਾ ਅਨੰਦ ਅਨਹਤ ਅਖਾੜੇ ਭਗਤ ਜਨਾਂ ਦੇ ਸਸ਼ੋਭਤ ਹੀ ਰਹਿੰਦੇ ਹਨ । ਤਿਨ੍ਹਾਂ ਆਨੰਦ ਅਨਹਤ ਅਖਾੜਿਆਂ ਵਿਖੇ :—

ਕਰੈ ਅਨੰਦੁ ਅਨੰਦੀ ਮੇਰਾ ॥ ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥
ਸਿਰ ਸਾਹਾ ਕੈ ਸਚਾ ਸਾਹਿਬੁ, ਅਵਰੁ ਨਾਹੀ ਕੋ ਦੂਜਾ ਹੇ ॥੧॥

(ਮਾਰੂ ਸੋ: ਮ: ੫—੧੦੭੩)

ਦਾ ਅਨੰਦ-ਮਗਨੀ ਦਰਸ-ਝਾਕਾ ਹਜ਼ੂਰ ਆਬਾਦਾਨੀ ਮਾਅਮੂਰ ਜਨਾਂ ਨੂੰ ਸਿਫਤ ਸੁਆਲਿਉ ਸਰੂਪ ਮਈ ਕੀਰਤਨ ਕੰਤੂਹਲਤਾ ਵਿਖੇ ਸਦਾ ਮਖ਼ਮੂਰ ਰਖਦਾ ਹੈ । ਤਿਥੈ ਦੇ ਵਾਸੀ ਭਗਤ ਜਨ ਕੇਵਲ ਕੀਰਤਨ ਆਧਾਰ ਦੁਆਰਾ ਹੀ ਵਸ ਰਸ ਕੇ ਜੀਵੰਦੇ ਹਨ । ਤਿਥੈ ਦੇ ਵਾਸੀਆਂ ਨੂੰ ਵਾਸਤਵ ਵਿਚ ਅਸਲੀਅਤ ਅੰਤ੍ਰੀਵੀ ਅਰਥਾਂ ਵਿਚ "ਪਾਰਬ੍ਰਹਮ ਕਾ ਅੰਤੁ ਨ ਪਾਰੁ" ਦੇ ਤਤ ਗਿਆਨ ਦਾ ਇਨਕਸ਼ਾਫ਼ ਹੁੰਦਾ ਹੈ। ਸਚ ਖੰਡ ਵਾਸੀਆਂ ਦੀ ਅਨਭਵ ਇਨਕਸ਼ਾਫ਼ੀ ਦਿੱਬ ਦ੍ਰਿਸ਼ਟ ਹੀ ਪਾਰਬ੍ਰਹਮ ਦੀ ਬੇਅੰਤਤਾ ਅਤੇ ਪਾਰਸ-ਪ੍ਰਭਾ ਨੂੰ ਸਾਂਗੋ ਪਾਂਗ ਲਖ ਸਕਦੀ ਹੈ । ਸਚ ਖੰਡ ਵਾਸੀਆਂ ਨੂੰ ਵਾਹਿਗੁਰੂ ਨਿਰੰਕਾਰ ਸਚ ਖੰਡ ਵਿਖੇ ਸਾਮਰਤੱਖ ਦਰਸ਼ਨਾਂ ਵਿਚ ਵਸਦਾ ਹੋਇਆ ਸਰਬ ਵਿਆਪਕਤਾ ਦੀ ਬੇਅੰਤਤਾ ਵਿਚ ਰਮਿਆ ਹੋਇਆ ਪਰਤਖ ਜਲਵਾਗਰ ਦਿਸਦਾ ਹੈ । ਤਿਨ੍ਹਾਂ ਨੂੰ ਹੀ ਇਕ-ਦੇਸੀ ਅਤੇ ਸਰਬ-ਦੇਸੀ ਪਰਮਾਤਮਾ ਦਾ ਰਵਣ ਭੇਦ ਅਤੇ ਪਾਰਬ੍ਰਹਮ ਦੀ ਜੋਤਿ ਜਲਵਣੀ ਬੇਅੰਤਤਾ ਦਾ ਜ਼ਹੂਰ ਆਸ਼ਕਾਰ ਹੁੰਦਾ ਹੈ, ਨਹੀਂ ਤਾਂ ਤਿਨ੍ਹਾਂ ਬਿਨਾਂ "ਕਉਣ ਕਰੈ ਤਾ ਕਾ ਬੀਚਾਰ" ਅਲਪੱਗ ਗਿਆਨ-ਬੀਚਾਰੀਆਂ ਤੋਂ ਸਰਬੱਗ ਪਰਮਾਤਮਾ ਪਾਰਬ੍ਰਹਮ ਦੀ ਬੀਚਾਰ ਹੋ ਹੀ ਨਹੀਂ ਸਕਦੀ । ਕਰੇ ਤਾਂ ਕਉਣ ਕਰੇ, ਬਿਨਾਂ ਸਚ ਖੰਡ ਪੁਗ ਖਲੋਤੇ ਅਤੇ ਸਚ ਖੰਡ ਵਾਸੀ ਨਿਰੰਕਾਰ ਸੇਤੀ ਇਕ ਮਿਕ ਹੋਏ ਜੀਵਨ-ਮੁਕਤ ਭਗਤ ਜਨਾਂ ਦੇ । ਜਿਨ੍ਹਾਂ ਉਤੇ ਗੁਰੂ ਨਾਨਕ ਸਾਹਿਬ ਦੀ ਕਿਰਪਾ ਹੁੰਦੀ ਹੈ ਸੋਈ ਇਸ ਨਿਹਚਲ ਥਾਨ ਸਚ ਖੰਡੀ ਸਾਧ ਸੰਗਤਿ ਦੇ ਤਾਰੂਪਾਣ ਹੋ ਕੇ ਬੇਅੰਤਤਾ ਦੀ ਤੱਤ ਪਰਮਾਰਥੀ ਹਕੀਕਤ ਮਾਅਰਫ਼ਤ ਦੇ ਜਾਣੂ (ਲਖਣਹਾਰੇ) ਹੁੰਦੇ ਹਨ । ["ਸਚਖੰਡ ਦਰਸ਼ਨ" ਪੁਸਤਕ ਵਿਚੋਂ

---

# ਬੈਕੁੰਠ ਨਗਰੁ

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥
ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ਰਹਾਉ ।
ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥
ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥
ਜਨਮ ਜਨਮ ਕੇ ਭੈ ਮੋਹ ਨਿਵਾਰੇ ॥ ਨਾਨਕ ਦਾਸ ਪ੍ਰਭ ਕਿਰਪਾ ਧਾਰ ॥੪॥੨੧॥੨੭॥

[ਸੂਹੀ ਮਹਲਾ ੫—੭੪੨



www.AKJ.Org

# ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥

[ਸ: ਗੁਰਮੁਖ ਸਿੰਘ ਜੀ, ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ]

ਅਜ ਮਾਦਾ-ਪ੍ਰਸਤੀ ਦਾ ਬੋਲ-ਬਾਲਾ ਹੈ । ਅਜ ਤੋਂ ਕਰੀਬ ਸਵਾ ਸੌ ਸਾਲ ਪਹਿਲਾਂ ਜਦੋਂ ਅੰਗਰੇਜ਼ਾਂ ਨੇ ਸਾਡੇ ਦੇਸ਼ ਤੇ ਕਬਜ਼ਾ ਕੀਤਾ ਤਾਂ ਸਭ ਤੋਂ ਪਹਿਲਾ ਕੰਮ ਪਛਮੀ ਸਿਖਿਆ-ਪ੍ਰਣਾਲੀ ਦਾ ਸਾਡੇ ਦੇਸ਼ ਵਿਚ ਰਿਵਾਜ ਪਾਇਆ । ਪੁਰਾਤਨ ਭਾਰਤੀ ਸਿਖਿਆ-ਪ੍ਰਣਾਲੀ ਵਿਚ ਸਿਖਿਆ ਦਾ ਵਿਸ਼ਾ ਕਾਦਰ ਸੀ, ਭਾਵ, ਅਧਿਆਤਮਕ ਗਿਆਨ ਸੀ, ਅਤੇ ਇਹ ਟਿਕਿਆ ਰਹਿੰਦਾ ਜੇਕਰ ਪਛਮੀ ਪ੍ਰਣਾਲੀ, ਸਿਖਿਆ ਦਾ ਵਿਸ਼ਾ-ਵਸਤੂ ਕਾਦਰ ਦੀ ਥਾਂ ਕੁਦਰਤ ਨਾ ਕਰਦੀ । ਕੁਦਰਤ ਦੇ ਕੇਵਲ ਭੌਤਿਕ ਰੂਪ ਦੀ ਜਾਣਕਾਰੀ ਦਾ ਨਾਮ ਵਿਗਿਆਨ ਪੈ ਗਿਆ । ਅਤੇ ਹੌਲੀ ਹੌਲੀ ਮਨੁਖ ਤੇ ਕੁਦਰਤ ਦੋ ਵਿਰੋਧੀ ਤਤ ਮੰਨੇ ਜਾਣ ਲਗ ਪਏ ਅਤੇ ਮਨੁਖ ਦੇ ਮਨ ਵਿਚ ਇਹ ਸ਼ੰਕਾ ਪੈਦਾ ਹੋਣ ਲਗ ਪਈ ਕਿ ਕੁਦਰਤ ਅਤੇ ਮਨੁਖ ਤੋਂ ਬਿਨਾਂ ਕੀ ਹੋਰ ਕੋਈ ਤੀਸਰਾ ਭੀ ਹੈ ?

ਮਾਦਾ-ਪ੍ਰਸਤ ਮਨੁਖ ਆਪਣੇ ਆਪ ਨੂੰ ਕੁਦਰਤ ਦਾ ਇਕ ਨਿਕਾ ਜਿਹਾ ਅੰਗ ਮੰਨਣ ਲਈ ਤਿਆਰ ਨਹੀਂ । ਉਹ ਤਾਂ ਕੁਦਰਤ ਉਪਰ ਵਿਜੈ ਪਾਉਣ ਦੇ ਸੰਕਲਪ ਬਣਾਈ ਬੈਠਾ ਹੈ । ਇਸ ਲਈ ਕੁਦਰਤ ਦੇ ਵਿਚੋਂ ਜੇ ਕਿਤੇ ਕਾਦਰ ਭੀ ਨਿਕਲ ਆਇਆ ਤਾਂ ਅਜ ਦੇ ਮਨੁਖ ਤੋਂ ਇਹੋ ਆਸ ਕੀਤੀ ਜਾ ਸਕਦੀ ਹੈ ਕਿ ਉਹ ਆਪਣੀ ਪ੍ਰਭੂ-ਸਤਾ ਨੂੰ ਸਦੀਵੀ ਰੂਪ ਦੇਣ ਲਈ ਪ੍ਰਭੂ-ਕਾਦਰ ਨਾਲ ਭੀ ਸੰਘਰਸ਼ ਕਰਨੋਂ ਸੰਕੋਚ ਨਹੀਂ ਕਰੇਗਾ । ਅਤੇ ਲਗ ਪਗ ਇਸੇ ਕਿਸਮ ਦੀਆਂ ਗੱਲਾਂ ਸਾਡੇ ਬੱਚੇ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਹਨ । ਪੜ੍ਹੇ ਲਿਖੇ ਲੋਗ ਕਲੱਬਾਂ ਤੇ ਸਭਾ ਸੋਸਾਇਟੀਆਂ ਵਿਚ ਰੱਬ ਦੀ ਹੋਂਦ ਤੇ ਕਿੰਤੂ ਕਰਦੇ ਹਨ, ਸ਼ਾਇਦ ਇਸ ਡਰ ਤੋਂ ਕਿ ਕੁਦਰਤ ਦਾ ਟਾਕਰਾ ਕਰਨਾ ਤਾਂ ਔਖਾ ਹੋਇਆ ਹੋਇਆ ਹੈ, ਕਾਦਰ ਨਾਲ ਕਿਵੇਂ ਟਕਰ ਲਵਾਂਗੇ ? ਜਦੋਂ ਦੀ ਕਾਦਰ ਬਾਰੇ ਜਾਣਕਾਰੀ ਅਸੀਂ ਭਾਰਤੀ ਸਿਖਿਆ-ਪ੍ਰਣਾਲੀ ਚੋਂ (ਚਾਹੇ ਕਿਸੇ ਕਾਰਨ) ਕੱਢ ਦਿਤੀ ਹੋਈ ਹੈ, ਤਦੋਂ ਹੀ ਸਾਡੇ ਨੈਤਿਕ ਜੀਵਨ ਵਿਚ ਗਿਰਾਵਟ ਆਉਣੀ ਅਰੰਭ ਹੋਈ ਹੈ । ਧਾਰਮਕ ਸਿਖਿਆ ਦੀ ਅਣਹੋਂਦ ਨੇ ਸਮਾਜ ਦਾ ਨੈਤਿਕ ਪੱਧਰ ਨੀਵਾਂ ਕਰ ਦਿਤਾ ਹੈ । ਅਜੇ ਭੀ ਰਾਜੇ ਸ਼ੀਹ ਹਨ ਅਤੇ ਮੁਕੱਦਮ ਲੋਭੀ ਕੁੱਤੇ । ਵੱਢੀ ਲੈ ਕੇ ਹੱਕ ਮਾਰਿਆ ਜਾਂਦਾ ਹੈ ।

ਗੁਰੂ ਨਾਨਕ ਦੇਵ ਜੀ ਦੇ ਸਮੁਚੇ ਉਪਦੇਸ਼ਾਂ ਅੰਦਰ ਚਰਚਾ ਦਾ ਵਿਸ਼ਾ ਕਾਦਰ ਦੇ ਨਾਲ ਨਾਲ ਕੁਦਰਤ ਭੀ ਹੈ । ਪਰ ਇਕ ਚੰਗੇ ਸਿਖਿਆ-ਸਿਧਾਂਤ ਦੀ ਵਰਤੋਂ ਕਰਦੇ ਹੋਏ ਆਪ ਜੀ ਸਾਡਾ ਧਿਆਨ ਦਿਸਦੀ (Visible) ਕੁਦਰਤ ਦੇ ਨਜ਼ਾਰੇ ਤੋਂ ਸਦਾ ਅਣਦਿਸਦੇ (Invisible) ਕਾਦਰ ਵਲ ਲੈ ਜਾਣ ਦਾ ਜਤਨ ਕਰਦੇ ਹਨ ।

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ, ਪਾਕੀ ਨਾਈ ਪਾਕੁ ॥੨॥(੩) [ਆਸਾ ਕੀ ਵਾਰ—੪੬੪

ਜਪੁਜੀ ਸਾਹਿਬ ਦੀ ਇਕ ਪਉੜੀ ਵਿਚ ਕੁਦਰਤਿ ਗਾਉਂਦੀ ਹੋਈ ਦਸੀ ਹੈ । ਕਿਸ ਨੂੰ ?

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ, ਗਾਵੈ ਰਾਜਾ ਧਰਮੁ ਦੁਆਰੇ ।

ਉਪਰੋਕਤ ਪਉੜੀ ਵਿਚ ਜ਼ੋਰਦਾਰ ਸ਼ਬਦਾਂ ਰਾਹੀਂ ਦਰਸਾਣ ਦਾ ਯਤਨ ਕੀਤਾ ਨੇ ਕਿ ਕੁਦਰਤ ਦੇ ਪਿਛੇ ਕਾਦਰ ਹੈ ।

ਸੋਈ ਸੋਈ, ਸਦਾ ਸਚੁ, ਸਾਹਿਬੁ ਸਾਚਾ, ਸਾਚਾ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ ੨੭ ॥ ਜਪੁਜੀ

ਅਜ ਦਾ ਮਨੁਖ ਸਮਝ ਬੈਠਾ ਹੈ ਕਿ ਕੁਦਰਤ ਐਵੇਂ (By chance) ਅਚਨਚੇਤ ਹੀ ਤਤਾਂ ਦੇ ਮੇਲ



www.AKJ.Org

ਨਾਲ ਬਣ-ਬੁਣ ਗਈ ਹੈ। ਕਾਦਰ ਹੈ ਹੀ ਨਹੀਂ। ਇੰਜ ਮੰਨ ਕੇ ਮਨੁਖ ਕੁਦਰਤ ਨੂੰ ਬਜਾਏ ਕਾਦਰ ਵਲੋਂ ਸੌਂਪੀ ਅਮਾਨਤ ਸਮਝਣ ਦੇ, ਆਪੋ-ਧਾਪ ਦੇ ਸਿਧਾਂਤ ਅਨੁਸਾਰ, ਆਪਣਾ ਹੱਕ ਸਮਝੀ ਬੈਠਾ ਹੈ। ਦਰ-ਅਸਲ ਸਾਡੀ ਧਰਤੀ ਤੇ ਰੋਲੇ-ਗੌਲੇ ਦਾ ਵੱਡਾ ਕਾਰਨ ਮਨੁਖ ਦਾ ਇਸ ਗੱਲ ਨੂੰ ਸਵੀਕਾਰ ਕਰਨ ਤੋਂ ਇਨਕਾਰ ਹੈ ਕਿ ਕੁਦਰਤ ਵਿਚ ਕਾਦਰ ਵਸਦਾ ਹੈ। ਜਿਨ੍ਹਾਂ ਇਸ ਭੇਦ ਨੂੰ ਪਾਇਆ ਹੈ ਉਨ੍ਹਾਂ ਲੁਕੋ ਕੇ ਨਹੀਂ ਰਖਿਆ। ਬੜੀ ਉਚੀ ਉਚੀ ਮਰਦਾਨੇ ਦੀ ਰਬਾਬ ਨਾਲ ਸੁਰ ਮੇਲ ਕੇ ਚਾਰ ਉਦਾਸੀਆਂ ਉਤਰ ਦਖਣ ਪੂਰਬ ਪੱਛਮ ਵਿਚ ਭ੍ਰਮਣ ਕਰ ਕੇ ਗਾਵਿਆ ਹੈ।

ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥੧॥(੧੨) [ਆਸਾ ਕੀ ਵਾਰ–੪੬੯

ਨਿਰੀ ਕੁਦਰਤ ਨੂੰ ਪੜ੍ਹਨ ਵਾਲਾ ਹੈਰਾਨ ਹੁੰਦਾ ਹੈ ਕਿ ਜੇ ਕੁਦਰਤ ਪਿਛੇ ਕੋਈ ਕਾਦਰ ਹੈ ਤਾਂ ਦਿਸਦਾ ਕਿਉਂ ਨਹੀਂ? ਉਸ ਦਾ ਕੀ ਰੰਗ ਹੈ? ਕੀ ਕੱਦ-ਬੁੱਤ ਹੈ, ਕੀ ਆਕਾਰ ਹੈ? ਕਦੋਂ ਪੈਦਾ ਹੋਇਆ? ਕੀ ਮਰਦਾ ਭੀ ਹੈ ਕਿ ਸਦਾ ਅਮਰ ਰਹਿੰਦਾ ਹੈ? ਇਹ ਸਵਾਲ ਪੁੱਛਣ ਵਿਚ ਉਸਦਾ ਕੋਈ ਕਸੂਰ ਨਹੀਂ। ਉਸਨੇ ਕੁਦਰਤ ਦੀ ਤਾਲੀਮ ਪਾਉ ਦਿਆਂ ਸਿਖਿਆ ਹੀ ਇਹੋ ਕੁਝ ਹੈ।

ਇਥੇ ਕੁਦਰਤ ਦੀ ਹਰ ਚੀਜ਼ ਦਾ ਸਰਗੁਣੀ ਸਰੂਪ ਹੈ। ਤੱਤਾਂ ਤੋਂ ਬਣਿਆ ਹੋਇਆ ਹੁੰਦਾ ਹੈ। ਤਤਾਂ ਦੇ ਵਧ ਘਟ ਹੋ ਜਾਣ ਨਾਲ ਦੋਸ਼ ਜਾਂ ਗੁਣਾਂ ਵਿਚ ਭੀ ਅਨੁਪਾਤਕ ਵਾਧਾ ਘਾਟਾ ਹੋ ਜਾਂਦਾ ਹੈ। ਹਰ ਵਸਤੂ ਪੈਦਾ ਹੁੰਦੀ ਹੈ, ਕੁਝ ਸਮਾਂ ਰਹਿ ਕੇ ਖਤਮ ਹੋ ਜਾਂਦੀ ਹੈ। ਸਾਡੀ ਜਾਚੇ ਕਾਦਰ ਭੀ ਕੁਦਰਤ ਦੀਆਂ ਬਾਕੀ ਚੀਜ਼ਾਂ ਵਾਂਗ, ਇਕ ਚੀਜ਼ ਹੈ, ਸ਼ਾਇਦ ਮਨੁੱਖ ਨਾਲੋਂ ਥੋੜੀ ਜਿੰਨੀ ਉਪਰਲੀ ਪੱਧਰ ਦੀ; ਪਰ ਸਾਨੂੰ ਜਾਪਦੀ ਚੀਜ਼ ਹੀ ਹੈ। ਅਸੀਂ ਇਸ ਨੂੰ 'ਗੁੰਝਲ' ਵੀ ਕਿਹਾ ਹੈ, ਪਹੇਲੀ (ਅੜਾਉਣੀ) ਭੀ ਆਖਿਆ ਹੈ, ਅਤੇ ਅੰਤ ਸਮਝ ਨਾ ਆਉਂਦੀ ਵੇਖ ਕੇ, ਇਸ ਵਿਸ਼ੇ ਨੂੰ ਛਡ ਹੀ ਦਿੰਦੇ ਹਾਂ। ਅਜ ਦਾ ਮਨੁਖ ਲਗ ਪਗ ਇੰਜ ਹੀ ਕਰਤਾ-ਕਾਦਰ ਨੂੰ ਛਡ ਹੀ ਬੈਠਾ ਹੈ, ਵਿਸਾਰ ਹੀ ਬੈਠਾ ਹੈ। ਇਹੋ ਕਾਰਨ ਹੈ ਕਿ ਸਾਡੇ ਧਾਰਮਿਕ ਪੂਜਾ-ਅਸਥਾਨਾਂ, ਮੰਦਰਾਂ, ਮਸਜਿਦਾਂ, ਗੁਰਦੁਆਰਿਆਂ ਵਿਚ ਉਹਨਾਂ ਪੜ੍ਹੇ-ਲਿਖੇ ਲੋਕਾਂ ਦੀ ਹਾਜ਼ਰੀ ਘਟ ਹੋ ਗਈ ਹੈ ਜਿਨ੍ਹਾਂ ਅੰਦਰ ਕਾਦਰ ਦੇ ਦਰਸਨ ਕਰਨ ਦੀ ਸਿਕ ਹੁਣ ਨਹੀਂ ਮਘਦੀ।

ਦਰ-ਅਸਲ ਗੁੰਝਲ ਕਹਿਣ ਨਾਲ ਜਾਂ ਗੁੰਝਲ ਜਾਣ ਕੇ ਛਡ ਦੇਣ ਨਾਲ ਪਹੇਲੀ ਨਹੀਂ ਖੁਲ੍ਹਣੀ। ਕੇਵਲ ਕੁਦਰਤ ਦਾ ਗਿਆਨ ਦੇਣ ਵਾਲੀ ਸਿਖਿਆ ਦੇ ਘੇਰੇ ਵਿਚੋਂ ਨਿਕਲ ਕੇ ਕਾਦਰ ਦੇ ਗਿਆਨ ਦਾ ਚਾਨਣਾ ਦੇਣ ਵਾਲੀ ਸਿਖਿਆ ਤੋਂ ਹੀ ਇਸ ਗੁੰਝਲ ਦਾ ਹਲ ਲਭਿਆ ਜਾ ਸਕਦਾ ਹੈ। ਸਾਡੀ ਟਰੇਨਿੰਗ ਹਾਂ ਇੰਜ ਹੈ ਕਿ ਅਸੀਂ ਕੁਦਰਤ ਦੀ ਹਰ ਸਥੂਲ ਸ਼ੈ ਦੇ ਗਿਆਨ ਨੂੰ ਆਪਣੇ ਸਥੂਲ ਗਿਆਨ-ਇੰਦਰਿਆਂ ਰਾਹੀਂ ਪ੍ਰਾਪਤ ਕਰਦੇ ਹਾਂ। ਸਾਡੀ ਆਸ ਉਮੀਦ ਇਹੋ ਹੈ ਕਿ ਅਸੀਂ ਕਾਦਰ ਨੂੰ ਭੀ ਇਨ੍ਹਾਂ ਸਥੂਲ ਜੰਤਰਾਂ ਨਾਲ ਨਾਪ ਤੋਲ ਕੇ ਪ੍ਰਯੋਗਸ਼ਾਲਾ ਦਾ ਵਿਸ਼ਾ ਬਣਾ ਸਕੀਏ। ਪਰ ਕੀ ਕਾਦਰ ਦਾ ਰੂਪ ਸਥੂਲ ਵਸਤਾਂ ਵਾਂਗ ਹੈ? ਨਹੀਂ ਨਹੀਂ।

ਇਸ ਬਾਰੇ ਉਹੀ ਆਪਣੇ ਅਨੁਭਵ ਦਸ ਸਕਦੇ ਹਨ ਜਿਨ੍ਹਾਂ ਨੇ ਕਾਦਰ ਨੂੰ ਕੁਦਰਤ ਵਿਚ ਰਵਿਆ ਦੇਖਿਆ ਹੈ, ਉਸ ਦੀ ਸੱਦ ਨੂੰ ਸੁਣਿਆ ਹੈ, ਤੇ ਮਾਣਿਆ ਹੈ। ਅਨੇਕਾਂ ਸੰਤਾਂ, ਭਗਤਾਂ, ਮਹਾਂ ਪੁਰਖਾਂ, ਗੁਰੂਆਂ ਨੇ ਪਰਤੱਖ ਜ਼ਾਹਰਾ ਜ਼ਹੂਰ ਸਾਂਗੋ ਪਾਂਗ ਦੀਦਾਰੇ ਕੀਤੇ ਹਨ ਅਤੇ ਅਨੇਕਾਂ ਨੂੰ ਅਜਿਹੇ ਦਰਸ਼ਨ ਮਾਣਨ-ਯੋਗ ਬਣਾਇਆ ਹੈ। ਇਸ ਲਈ ਕੁਦਰਤ ਤਕ ਸੀਮਤ ਗਿਆਨ ਵਾਲੇ ਮਨੁਖ ਸਾਹਮਣੇ ਜਦੋਂ ਇਹ ਦਲੀਲ ਅਤੇ ਸਚਾਈ ਪੇਸ਼ ਹੁੰਦੀ ਹੈ ਤਾਂ ਉਹ ਜ਼ਰੂਰ ਸੋਚੀਂ ਪੈ ਜਾਂਦਾ ਹੈ "ਕਿ ਆਖਰ ਇਹ ਸਾਰੇ ਮਹਾਂ ਪੁਰਖ ਝੂਠ ਤਾਂ ਨਹੀਂ ਬੋਲ ਸਕਦੇ, ਕੋਈ ਗੱਲ ਜ਼ਰੂਰ ਹੈ ਜਿਹੜੀ ਮੈਨੂੰ ਸਮਝ ਨਹੀਂ ਆ ਰਹੀ।" ਪਰ ਫਿਰ ਭੀ ਉਹ ਅਗਿਆਨਤਾ ਦੀ, ਕੁਦਰਤ ਦੀ ਭੁਲਾਵੀਂ ਤੇ ਸੁਖਾਵੀਂ ਨੀਂਦ ਵਿੱਚ ਸੁਤੇ ਰਹਿਣ ਨੂੰ ਜ਼ਿਆਦਾ ਚੰਗਾ ਸਮਝ ਕੇ ਕਾਦਰ ਦੇ ਗਿਆਨ-ਚਾਨਣੇ ਤੋਂ ਵਾਂਝਿਆਂ ਰਹਿਣ ਦਾ ਫੈਸਲਾ ਕਰ ਲੈਂਦਾ ਹੈ। ਉਸ ਨੂੰ ਇਹ ਪਤਾ ਨਹੀਂ


www.AKJ.Org

ਕਿ ਕਾਦਰ-ਚਾਨਣੇ ਵਿਚ ਕਿਸੇ ਕਿਸਮ ਦੀ ਭੁੱਖ ਨਹੀਂ ਰਹਿੰਦੀ, ਉਥੇ ਕਿਸੇ ਕਿਸਮ ਦੀ ਪਿਆਸ ਨਹੀਂ ਹੁੰਦੀ, ਉਥੇ ਨੀਂਦ ਮੁਕ ਜਾਂਦੀ ਹੈ। ਮਨ ਅਕਾਸ਼ੀ ਬਣ ਜਾਂਦਾ ਹੈ। ਪਰ ਸਵਾਲ ਇਹ ਹੈ ਕਿ ਉਸ ਵਾਹਿਗੁਰੂ ਜੀ ਨੂੰ ਕਿਵੇਂ ਪਾਇਆ ਜਾਵੇ ? ਕਿਵੇਂ ਉਸ ਕਾਦਰ ਦਾ ਇਹਨਾਂ ਅੱਖਾਂ ਨਾਲ ਦਰਸ਼ਨ ਕੀਤਾ ਜਾਵੇ ?

ਗੁਰੂ ਅਮਰਦਾਸ ਜੀ ਨੇ ਸੂਹੀ ਰਾਗ ਵਿਚ ਇਸ ਸਵਾਲ ਨੂੰ ਬੜੇ ਦਿਲਚਸਪ ਤਰੀਕੇ ਨਾਲ ਪੇਸ਼ ਕਰ ਕੇ ਆਪ ਹੀ ਹਲ ਸੁਝਾਇਆ ਹੈ—

ਹਰਿ ਜੀ ਸੂਖਮੁ ਅਗਮੁ ਹੈ, ਕਿਤੁ ਬਿਧਿ ਮਿਲਿਆ ਜਾਇ।
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ। (੭੫੯)

ਪਹਿਲੀ ਗੱਲ ਤਾਂ ਇਹ ਹੈ, ਜੋ ਚੀਜ਼ ਸਥੂਲ ਤੋਂ ਸੂਖਮ ਵਲ ਨੂੰ ਵਧਦੀ ਹੈ, ਸਾਡੀਆਂ ਇਹ ਸਥੂਲ ਅੱਖਾਂ ਉਸ ਨੂੰ ਵੇਖਣ ਤੋਂ ਰਹਿ ਜਾਂਦੀਆਂ ਹਨ। ਨਿਕੇ-ਨਿਕੇ ਕੀਟਾਣੂ ਅਸੀਂ ਸੂਖਮ-ਦਰਸ਼ਕ (microscope) ਰਾਹੀਂ ਵੇਖਦੇ ਹਾਂ। ਸੂਖਮ ਅੱਖਾਂ ਦੀ ਸਹਾਇਤਾ ਨਾਲ ਸੂਖਮ ਹੋਈ ਹੋਈ ਸਥੂਲ ਵਸਤੂ ਨੂੰ ਵੇਖਿਆ ਜਾ ਸਕਦਾ ਹੈ। ਪਰ ਜੋ ਮੂਲੋਂ ਹੀ ਸੂਖਮ ਹੋਵੇ, ਉਸ ਨੂੰ ਸਾਡੀਆਂ ਇਹ ਸਥੂਲ ਅੱਖਾਂ ਕਿਵੇਂ ਵੇਖਣ ? ਸੁਪਨੇ ਵਿਚ ਹੋਏ ਕਿਸੇ ਦੇ ਦਰਸ਼ਨ ਅਤਿ ਸੂਖਮ ਸੰਕਲਪ ਹੈ, ਜਿਸ ਨੂੰ ਕੇਵਲ ਦੇਖਣ ਵਾਲਾ ਹੀ ਆਪਣੇ ਅੰਦਰਲੇ ਪੜਦੇ ਤੇ (ਅਕਸ ਮਾਤ੍ਰ) ਪਏ ਪਰਛਾਵੇਂ ਵਾਂਗ ਹੀ ਪਰਤੀਤ ਕਰਕੇ ਅਨੰਦਿਤ ਤਾਂ ਹੋ ਸਕਦਾ ਹੈ, ਪਰ ਦਸਣ ਤੋਂ ਜਾਂ ਬਿਆਨਣ ਤੋਂ ਅਸਮਰਥ ਹੁੰਦਾ ਹੈ, ਕਿਉਂਕਿ ਉਸ ਦੇ ਬਿਆਨਣ ਲਈ ਕੁਦਰਤ ਦੇ ਸਥੂਲ ਘੇਰੇ ਵਿਸ ਸ਼ਬਦਾਵਲੀ ਮੁਕ ਜਾਂਦੀ ਹੈ। ਇਸ ਲਈ ਜੋ ਚੀਜ਼ ਸੂਖਮ ਹੈ, ਅਗੰਮ ਹੈ, ਇੰਦਰੀਆਂ ਦੀ ਪਕੜ ਤੋਂ ਭੀ ਪਰੇ ਹੈ, ਉਸ ਨੂੰ ਦੇਖਣ ਲਈ ਅਸਥੂਲ ਅੱਖਾਂ ਦਾ ਪ੍ਰਯੋਗ ਕਿਵੇਂ ਲਾਭਕਾਰੀ ਹੋ ਸਕਦਾ ਹੈ ? ਗੁੰਝਲ ਉੱਨਾ ਚਿਰ ਹੈ ਜਿੰਨਾ ਚਿਰ ਅਸੀਂ ਸਥੂਲ ਅੱਖਾਂ ਨਾਲ ਸੂਖਮ ਵਸਤੂ ਨੂੰ ਦੇਖਣਾ ਚਾਹੁੰਦੇ ਹਾਂ। ਪਰ ਜੇ ਸਾਨੂੰ ਸੂਖਮ ਹਰੀ ਨੂੰ ਦੇਖਣ ਲਈ ਸੂਖਮ ਹੀ ਅੱਖਾਂ ਮਿਲ ਜਾਣ ਤਾਂ ਕੁਦਰਤ ਵਿਚ ਕਾਦਰ ਦਿਸ ਪਵੇਗਾ। ਇਸ ਲਈ ਸੰਕੇਤ ਕਰ ਦਿਤਾ ਗਿਆ ਸੀ—

ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੩॥ (੧੯)
(ਵਾਰ ਮਾਰੂ ਡਖਣੇ ਮ: ੫—੧੦੯੯)

ਭਾਵ :—ਅੱਖਾਂ ਨਾਲ ਮੈਂ ਉਸ ਨਿਰੰਕਾਰੀ ਜੋਤਿ ਦੇ ਜਦ ਦੇ ਦਰਸ਼ਨ ਕੀਤੇ ਹਨ, ਮੇਰੀ ਮੁੜ ਮੁੜ ਦਰਸ਼ਨ ਕਰਨ ਦੀ ਪਿਆਸ ਹੀ ਨਹੀਂ ਬੁਝਦੀ। ਪਰ ਉਹ ਅੱਖਾਂ ਹੋਰ ਹਨ ਜਿਨ੍ਹਾਂ ਰਾਹੀਂ ਮੇਰਾ ਪ੍ਰੀਤਮ ਪਿਆਰਾ ਦਿਸਦਾ ਹੈ।

ਜਿਸ ਪਿਆਰੇ ਨੇ "ਹਰਿ ਪ੍ਰਭੁ ਡਿਠੜਾ ਨੈਣੀ" ਦੀ ਅਵਸਥਾ ਪ੍ਰਾਪਤ ਕਰ ਲਈ ਹੈ ਉਹ ਇਸ ਤੋਂ ਵਧ ਕੀ ਕਹਵੇ ? ਅਤੇ ਦੂਜੀ ਗੱਲ ਇਹ ਕਿ ਜੇ ਉਹ ਅੱਖਾਂ ਹੋਰ ਹਨ ਤਾਂ ਉਹ ਕਿਹੜੀਆਂ ਹਨ ? ਕੀ ਉਹ ਸਾਡੇ ਸਰੀਰ ਦੇ ਅੰਦਰ ਹੀ ਹਨ ? ਹਾਂ, ਉਹ ਅੱਖਾਂ ਸੂਖਮ ਹਨ, ਅਤੇ ਉਹ ਸਰੀਰ ਅੰਦਰ ਨਹੀਂ, ਸਾਡੀ ਆਤਮਾ ਅੰਦਰ ਹਨ। ਅਸੀਂ ਪਿਆਰ ਨੂੰ ਕਾਹਦੇ ਨਾਲ ਅਨੁਭਵ ਕਰਦੇ ਹਾਂ ? ਪਿਆਰ ਬੜੀ ਸੂਖਮ ਵਸਤੂ ਹੈ। ਸਰੀਰ ਦੀਆਂ ਅੱਖਾਂ ਪਿਆਰ ਨਹੀਂ ਵੇਖ ਸਕਦੀਆਂ, ਚਾਹੇ ਉਹ ਮਾਂ ਪੁਤ ਦਾ ਪਿਆਰ ਹੈ, ਚਾਹੇ ਉਹ ਪਤੀ ਪਤਨੀ ਦਾ ਪਿਆਰ ਹੈ। ਇਹੋ ਜਿਹੇ ਨੀਵੇਂ ਪੱਧਰ ਦੇ ਪਿਆਰ ਨੂੰ ਭੀ ਸਾਡੀਆਂ ਸਥੂਲ ਅੱਖਾਂ ਨਹੀਂ ਵੇਖ ਸਕਦੀਆਂ ਤਾਂ ਰੱਬੀ ਪਿਆਰ ਜਿਹੇ ਸੂਖਮ ਪਿਆਰ ਨੂੰ ਕਿਵੇਂ ਵੇਖ ਸਕਣਗੀਆਂ ? ਸਪਸ਼ਟ ਹੈ ਕਿ ਉਨ੍ਹਾਂ ਅੱਖਾਂ ਦਾ ਨਾਉਂ ਹੈ ਅਨਭਉ।

ਅਨਭਉ ਅਚਰਜ ਰੂਪੁ ਪ੍ਰਭ ਪੇਖਿਆ, ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ॥
(ਮਾਰੂ ਮ: ੫—੧੦੦੨)


www.AKJ.Org

ਅਨਭਉ ਸੰਸਕ੍ਰਿਤ ਦੇ ਅਨੁਭਵ ਤੋਂ ਬਣਿਆ ਹੈ, ਜਿਸ ਦੇ ਅਰਥ ਹਨ ਝਲਕਾਰਾ, ਅਨਭਉ ਪ੍ਰਕਾਸ਼ ਭੀ ਇਸੇ ਦਾ ਨਾਮ ਹੈ । ਇਹ ਝਲਕਾਰਾ ਅੰਤਰ-ਆਤਮੇ ਪੈਂਦਾ ਹੈ । ਪਰ ਪੈਂਦਾ ਉਦੋਂ ਹੈ ਕਬੀਰ ਜੀ ਦੇ ਕਹਿਣ ਵਾਂਗ, ਜਦੋਂ ਮਨੁਖੀ ਹਿਰਦਾ ਸੰਸਕਾਰਕ ਡਰ ਤੋਂ ਮੁਕਤ ਹੋ ਜਾਵੇ :–

ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ । ਬਿਨੁ ਭੈ ਅਨਭਉ ਹੋਇ ਵਣਾਹੰਬੈ ॥

(ਮਾਰੂ ਕਬੀਰ ਜੀ, ਪੰਨਾ .੧੦੪)

ਭਾਵ :–ਹੇ ਮੇਰੇ ਬੈਰਾਗੀ ਵੀਰ, ਉਸ ਵਾਹਿਗੁਰੂ ਜੀ ਨੂੰ, ਉਸ ਅਨਭਉ ਹਸਤੀ ਨੂੰ ਕਿਸੇ ਨੇ ਭੀ ਨਹੀਂ ਦੇਖਿਆ ਅਤੇ ਉਸ ਦਾ ਅਨਭਉ ਤਦੋਂ ਹੁੰਦਾ ਹੈ ਜਦੋਂ ਮਨੁਖ ਦੇ ਹਿਰਦੇ ਵਿਚੋਂ ਸੰਸਾਰ ਦਾ ਭਰਮ-ਮਈ ਡਰ ਨਿਕਲ ਜਾਏ . ਜੇ ਉਹ ਡਰ ਰਹਿਤ ਹੋ ਕੇ, ਕੇਵਲ ਵਾਹਿਗੁਰੂ ਜੀ ਦੇ ਭੈ-ਭਾਵਨੀ ਵਿਚ ਆ ਜਾਏ ਤਾਂ ਅੰਤਰ-ਆਤਮੇ ਅਨਭਉ ਪ੍ਰਕਾਸ਼ ਹੋ ਜਾਂਦਾ ਹੈ । ਇਸ ਤੋਂ ਸਪਸ਼ਟ ਹੁੰਦਾ ਹੈ ਕਿ ਵਾਹਿਗੁਰੂ ਜੀ ਕੇਵਲ ਅਨਭਉ ਸਰੂਪ ਹੀ ਮਹਿਸੂਸਿਆ ਜਾ ਸਕਦਾ ਹੈ । ਉਹ ਗਿਆਨ ਸਰੂਪ ਹੈ ਅਤੇ "ਅਨਭਉ ਪ੍ਰਕਾਸ਼" ਮਈ ਹਸਤੀ ਹੈ । ਐਸੀ ਸੂਖਮ ਹਸਤੀ ਦੇ ਦਰਸ਼ਨ ਦੀਦਾਰੇ ਕਿੰਜ ਹੋਵਣ ? ਮਨੁਖੀ ਜੀਵਨ ਦੀ ਇਹੋ ਸਮੱਸਿਆ ਹੈ । ਫ਼ਿਲਾਸਫਰ ਵਰਗ ਆਪੋ ਆਪਣੀ ਬੁਧੀ ਅਨੁਸਾਰ ਕੁਝ ਨ ਕੁਝ ਕਹਿੰਦੇ ਆਏ ਹਨ, ਪਰ ਕਹਿਣ ਕਥਨ ਦੀ ਤਾਂ ਇਹ ਗੱਲ ਹੀ ਨਹੀਂ ਹੈ :–

ਕਥਨੀ ਕਹਿ ਭਰਮੁ ਨ ਜਾਈ ॥ ਸਭ ਕਥਿ ਕਥਿ ਰਹੀ ਲੁਕਾਈ ॥

ਸੋਰਠਿ ਕਬੀਰ ਜੀ–੬੫੫

ਮਹਾਰਾਜ ਸ੍ਰੀ ਗੁਰੂ ਅਮਰ ਦਾਸ ਜੀ ਸੂਖਮ ਵਸਤੂ ਨੂੰ ਪਾਉਣ ਲਈ ਸੂਖਮ ਵਿਧੀ ਦਾ ਉਪਦੇਸ਼ ਕਰਦੇ ਹਨ । ਉਪਰਲੇ ਸਿਰਲੇਖ ਦੀ ਦੂਜੀ ਪੰਗਤੀ ਦੇਖਣ ਯੋਗ ਹੈ :–

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥
ਗੁਰ ਕੈ ਸਬਦਿ ਭ੍ਰਮੁ ਕਟੀਐ, ਅਚਿੰਤ ਵਸੈ ਮਨਿ ਆਇ ॥ (੭੫੯)

ਭਾਵ :–ਸੂਖਮ ਅਗਮ ਵਾਹਿਗੁਰੂ ਜੀ ਨੂੰ ਮਿਲਣ ਦੀ ਬਿਧਿ ਹੀ ਕੇਵਲ ਇਹੋ ਹੈ ਕਿ ਗੁਰੂ ਦੇ ਬਖਸ਼ੇ ਹੋਏ ਸ਼ਬਦ ਦਾ ਅਖੰਡਾਕਾਰ ਅਭਿਆਸ ਕੀਤਾ ਜਾਏ ਤਾਂ ਅਚਿੰਤੇ ਹੀ, ਆਪੇ ਹੀ, ਇਹ ਸੰਸਾ ਰੂਪੀ ਭਰਮ ਕਟ ਜਾਂਦਾ ਹੈ ਤੇ ਵਾਹਿਗੁਰੂ ਜੀ ਮਨ ਵਿਚ, ਅਨਭਉ ਸਰੂਪ ਵਿਚ ਆ ਵਸਦੇ ਹਨ । ਭਾਈ ਜੇਠਾ ਜੀ ਨੇ ਉਪਰ ਦਸੀ ਵਿਧੀ ਦਾ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਸੇਵ ਕਮਾਉਂਦਿਆਂ ਜਦੋਂ ਪ੍ਰਯੋਗ ਕੀਤਾ ਤਾਂ ਸਾਖਿਆਤ ਪ੍ਰਭੂ ਉਨ੍ਹਾਂ ਦੇ ਹਿਰਦੇ-ਘਟ ਵਿਖੇ ਪ੍ਰਕਾਸ਼ਮਾਨ ਹੋ ਗਏ । ਇਸ ਦੀ ਗਵਾਹੀ ਆਪ ਜੀ ਦੀਆਂ ਹੇਠਲੀਆਂ ਪੰਗਤੀਆਂ ਵਿਚੋਂ ਮਿਲਦੀ ਹੈ :–

ਕਾਇਆ ਗੜੁ ਸੋਹਿਆ, ਮੇਰੇ ਪ੍ਰਭਿ ਮੋਹਿਆ, ਕਿਉ ਸਾਸਿ ਗਿਰਾਸਿ ਵਿਸਾਰੀਐ ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ, ਹਉ ਸਤਿਗੁਰ ਕੈ ਬਲਿਹਾਰੀਐ ॥

[ਤੁਖਾਰੀ ਮ: ੪–੧੧੧੪

ਗੁਰੂ ਜੀ ਫੁਰਮਾਉਂਦੇ ਹਨ ਕਿ ਨਾ ਦਿਸਣ ਵਾਲਾ ਅਤੇ ਅਗੋਚਰ, ਜੋ ਮਨ ਇੰਦਰਿਆਂ ਦਾ ਵਿਸ਼ਾ ਨਹੀਂ ਹੈ, ਐਸ ਪ੍ਰਭੂ ਨੂੰ ਗੁਰ ਸ਼ਬਦ ਦੇ ਸੁਆਸ-ਗਿਰਾਸ ਅਭਿਆਸ ਰਾਹੀਂ ਪਕੜ ਲੀਤਾ, (ਪ੍ਰਾਪਤ ਕਰ ਲਿਆ)ਅਤੇ ਮਹਾਰਾਜ ਆਪਣੇ ਗੁਰੂ ਉਤੋਂ ਕੁਰਬਾਨ ਜਾਂਦੇ ਹਨ । ਸਪਸ਼ਟ ਹੈ, ਇਹਨਾਂ ਆਤਮਕ ਤਜਰਬਿਆਂ ਤੋਂ ਕਿ ਗੁਰ ਮੰਤਰ, ਗੁਰ-ਸ਼ਬਦ ਦੀ ਕਮਾਈ ਹੀ ਇਕ ਐਸਾ ਸੂਖਮ ਸਾਧਨ ਹੈ ਜਿਸ ਦਾ ਕੋਈ ਰੂਪ ਨਹੀਂ, ਕੋਈ ਰੰਗ ਨਹੀਂ, ਕੋਈ ਆਕਾਰ ਨਹੀਂ, ਨਿਰਾ ਅਨਭਉ ਰੂਪ ਦੀ ਵਸਤੂ ਹੈ, ਸ਼ਬਦ ਦੇ ਸਿਮਰਨ ਨਾਲ ਹਰੀ ਪ੍ਰਭੂ ਆਪੇ ਹੀ ਮਿਲ ਪੈਂਦਾ ਹੈ ।



www.AKJ.Org

ਨਹੀਂ ਨਹੀਂ; ਆਪੇ ਨਹੀਂ ਮਿਲਦਾ। ਮਿਲਣ ਮਿਲਾਪ ਲਈ ਦੋ ਚੀਜ਼ਾਂ ਦੀ ਹੋਰ ਭੀ ਲੋੜ ਪੈਂਦੀ ਹੈ। ਪਹਿਲੀ, ਗੁਰੂ ਦੀ ਨਦਰ, ਮੇਹਰ ਹੈ। ਇਸ ਦੇ ਪਾਤਰ ਬਣਨਾ ਪੈਂਦਾ ਹੈ।

ਗੁਰਸਿਖ ਮੀਤੁ ਚਲਹੁ ਗੁਰ ਚਾਲੀ ॥

ਜੋ ਗੁਰੁ ਕਹੈ ਸੋਈ ਭਲ ਮਾਨਹੁ, ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥ [ਧਨਾਸਰੀ ਮ: ੪-੬੬੭

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥੬॥

[ਗਉੜੀ ਸੁਖਮਨੀ ਮ: ੫—੨੮੮

ਸੋ ਅਭਿਆਸ ਕਮਾਈ ਦੇ ਨਾਲ ਨਾਲ ਟੇਕ ਕਮਾਈ ਦੀ ਨਹੀਂ ਰਖਣੀ, ਸਗੋਂ ਉਸ ਦੀ ਨਦਰ ਦੀ, ਉਸਦੀ ਬਖਸ਼ਸ਼ ਦੀ ਰਖਣੀ ਹੈ।

ਦੂਜੀ ਗੱਲ ਹੈ ਪਿਆਰ ਦੀ, ਸਿਦਕ-ਭਰੋਸੇ ਦੀ। ਜਪੁ ਜੀ ਸਾਹਿਬ ਵਿਚ ਗੁਰੂ ਨਾਨਕ ਪਾਤਸ਼ਾਹ ਸੂਖਮ ਸੰਕੇਤ ਰਾਹੀਂ ਇਸ਼ਾਰਾ ਕਰਦੇ ਹੋਏ ਫੁਰਮਾਂਦੇ ਹਨ—

ਸਾਚਾ ਸਾਹਿਬੁ, ਸਾਚੁ ਨਾਇ, ਭਾਖਿਆ ਭਾਉ ਅਪਾਰੁ ॥੪॥ [ਜਪੁਜੀ

ਭਾਵ :—ਉਹ ਸਾਹਿਬ ਸਾਚਾ ਹੈ, ਨਾਮ ਭੀ ਸਾਚਾ ਹੈ। ਉਸਦੀ ਬੋਲੀ ਕੇਵਲ 'ਪਿਆਰ' ਹੈ। ਪਿਆਰ ਭੀ ਅਸੀਮ। ਈਸਾਈ ਕਹਿੰਦੇ ਹਨ, ਪ੍ਰਭੂ 'ਪ੍ਰੇਮ' ਹੈ। ਮਹਾਰਾਜ ਦਾ ਫੁਰਮਾਨ ਹੈ ਕਿ ਪ੍ਰਭੂ ਪਿਤਾ ਦੀ ਬੋਲੀ 'ਪਿਆਰ' ਹੈ। ਉਹ ਤਾਂ "ਗੋਬਿੰਦੁ ਭਾਉ ਭਗਤਿ ਦਾ ਭੁਖਾ" ਹੈ। ਉਹ ਭਗਤਾਂ ਤੋਂ ਪਿਆਰ ਲੈਂਦਾ ਹੈ। ਉਨ੍ਹਾਂ ਨੂੰ ਪਿਆਰ ਕਰਦਾ ਹੈ।

ਮੈ ਗੁਨ ਬੰਧ ਸਗਲ ਕੀ ਜੀਵਨਿ; ਮੇਰੀ ਜੀਵਨਿ ਮੇਰੇ ਦਾਸ ॥ (ਸਾਰੰਗ ਨਾਮਦੇਵ ਜੀ—੧੨੫੩

ਵਾਹਿਗੁਰੂ ਸੂਖਮ ਅਗਮ ਹੈ, ਉਸਨੂੰ ਪਿਆਰ, ਸਿਦਕ ਭਰੋਸੇ ਜਿਹੇ ਸੂਖਮ ਵਸੀਲਿਆਂ ਰਾਹੀਂ ਪਾਇਆ ਜਾ ਸਕਦਾ ਹੈ। ਵੈਦਕ ਧਰਮ, ਬੁਧ ਜਾਂ ਜੈਨ ਧਰਮ ਵਿਚ ਬਹੁਤਾ ਜ਼ੋਰ ਸਿਧਾਂਤਾਂ ਤੇ ਦਿਤਾ ਗਿਆ ਹੈ। ਨਤੀਜਾ ਇਹ ਹੋਇਆ ਕਿ ਇਨ੍ਹਾਂ ਧਰਮਾਂ ਦੇ ਅਨੁਆਈ ਸਿਧਾਂਤੀ ਬਣ ਗਏ, ਸ਼ਰਈ ਬਣ ਗਏ। ਗੁਰਮਤਿ ਦੇ ਸੰਚਾਲਕ ਸਤਿਗੁਰਾਂ ਨੇ ਭਾਰਤੀ ਧਰਮਾਂ ਦੀ ਇਸ ਘਾਟ ਨੂੰ ਭਾਂਪ ਲਿਆ ਸੀ। ਇਸੇ ਕਰਕੇ ਸਮੁਚੀ ਬਾਣੀ ਵਿਚ ਬਹੁਤਾ ਜ਼ੋਰ ਨਾਮ ਜਪਣ ਤੇ ਦਿਤਾ ਗਿਆ ਹੈ। ਨਾਮ ਜਪਣਾ ਸਾਧਨ ਹੈ। ਸੂਖਮ ਸਾਧਨ ਹੈ। ਹੁਣ ਕੁਝ ਸਿਖ ਵਿਦਵਾਨ ਨਾਮ ਦੇ ਸਿਧਾਂਤ ਨੂੰ ਉਜਾਗਰ ਕਰਨ ਦਾ ਜਤਨ ਕਰ ਰਹੇ ਹਨ, ਪਰ ਉਨ੍ਹਾਂ ਦੀ ਵਿਆਖਿਆ ਵਿਚ ਨਾਮ ਦੇ ਸਾਧਨ ਪੱਖ ਦੀ ਘਾਟ ਦਿਸਦੀ ਹੈ।

ਗੱਲ ਇਥੇ ਮੁਕਦੀ ਹੈ ਕਿ ਸੂਖਮ ਅਗਮ ਅਗਾਧ ਬੋਧ ਪਾਰਬ੍ਰਹਮ ਦੀ ਪ੍ਰਾਪਤੀ ਲਈ ਗੁਰਸ਼ਬਦ ਦੀ ਅਤੁਟ ਕਮਾਈ ਹੀ ਇਕੋ ਇਕ ਸਾਧਨ ਹੈ ਜੋ ਸਮੁਚੀ ਬਾਣੀ ਅੰਦਰ ਦਰਸਾਇਆ ਗਿਆ ਹੈ।

---

[੧੪ ਸਫੇ ਦੀ ਬਾਕੀ]

ਸਰਬ ਸੁਖਾ ਗੁਰ ਚਰਨਾ ॥

ਕਲਿਮਲ ਡਾਰਨ ਮਨਹਿ ਸਧਾਰਨ, ਇਹ ਆਸਰ ਮੋਹਿ ਤਰਨਾ ॥੧॥ਰਹਾਉ॥

ਪੂਜਾ ਅਰਚਾ ਸੇਵਾ ਬੰਦਨ, ਇਹੈ ਟਹਲ ਮੋਹਿ ਕਰਨਾ ॥

ਬਿਗਸੈ ਮਨੁ ਹੋਵੈ ਪਰਗਾਸਾ, ਬਹੁਰਿ ਨ ਗਰਭੈ ਪਰਨਾ ॥੧॥

ਸਫਲ ਮੂਰਤਿ ਪਰਸਉ ਸੰਤਨ ਕੀ, ਇਹੈ ਧਿਆਨਾ ਧਰਨਾ ॥

ਭਇਓ ਕ੍ਰਿਪਾਲੁ ਠਾਕੁਰੁ ਨਾਨਕ ਕਉ, ਪਰਿਓ ਸਾਧ ਕੀ ਸਰਨਾ ॥੨॥੧੯॥

[ਦੇਵਗੰਧਾਰੀ ਮਹਲਾ ੫-੫੩੧

ਸ੍ਰੀ ਭਾਈ ਸਾਹਿਬ ਜੀ ਨੇ ਸਿਰ ਤੇ ਹੱਥ ਰਖ ਕੇ ਅਠ ਘੰਟੇ ਕੀਰਤਨ ਕਰਵਾਇਆ। ਬਸ ਉਹ ਵੀ ਇਕ ਅਜੀਬ ਘਟਨਾ ਵਾਪਰੀ, ਅਗਾਧ ਬੋਧ ਬਾਣੀ, ਜੋ ਕਦੀ ਪੜ੍ਹੀ ਨਹੀਂ ਸੀ, ਚੇਤੇ ਆ ਗਈ। ਅਠ ਘੰਟੇ ਇਕੋ ਸ਼ਬਦ ਚਲਦਾ ਰਿਹਾ। ਮੈਨੂੰ ਮਹਾਂ ਪੁਰਖਾਂ ਦੀ ਬਖ਼ਸ਼ਸ਼ ਦਾ ਉਦੋਂ ਪਤਾ ਲਗਾ ਕਿ ਕਿਵੇਂ ਨਿਵਾਜ ਲੈਂਦੇ ਹਨ।

www.AKJ.Org

# "ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ"

[ਪ੍ਰਿੰਸੀਪਲ ਇੰਦਰ ਕੌਰ ਜੀ, ਬੀਬੀ ਰਜਨੀ ਕਾਲਜ, ਪਟੀ]

ਪਹਿਲੀ ਸੰਸਾਰ-ਜੰਗ ਵਿਚ ਮੇਰੇ ਪਤੀ (ਡਾਕਟਰ ਪਰਗਟ ਸਿੰਘ) ਜੀ ਨੇ ਮਿਲਟਰੀ ਦੀ ਨੌਕਰੀ ਲੈ ਲਈ। ਅੰਮ੍ਰਿਤ ਛਕਣ ਵੇਲੇ ਪੰਜਾਂ ਪਿਆਰਿਆਂ ਨੇ ਮਾਸ ਖਾਣ ਦੀ ਮਨਾਹੀ ਕੀਤੀ ਸੀ। ਪਰ ਉਨ੍ਹਾਂ ਪਾਸੋਂ ਮਾਸ ਖਾਧਾ ਗਿਆ। ਹੁਕਮ ਅਨੁਸਾਰ ਸਾਨੂੰ ਮੁੜ ਅੰਮ੍ਰਿਤ ਛਕਣਾ ਪੈਣਾ ਸੀ। ਮੇਰਾ ਮਨ ਉਦਾਸ ਸੀ ਕਿ ਐਤਕੀ ਸ੍ਰੀ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਸ੍ਰੀ ਬਾਊ ਮਲ ਸਿੰਘ ਜੀ ਮੇਰੇ ਹੱਥਾਂ ਦਾ ਬਣਿਆ ਭੋਜਨ ਨਹੀਂ ਛਕਣਗੇ। ਤੀਬਰ ਇੱਛਾ ਅਤੇ ਡੂੰਘੀ ਸ਼ਰਧਾ ਨੇ ਇਸ ਦਾ ਇਕ ਹਲ ਲਭ ਲਿਆ। ਸੁੱਕੇ ਆਟੇ ਨੂੰ ਘਿਓ ਵਿਚ ਭੁੰਨ ਲਿਆ, ਵਿਚ ਪੀਸਾ ਖੰਡ ਰਲਾ ਦਿਤੀ ਤੇ ਸੁੱਕੇ ਬਦਾਮ ਪੀਸ ਕੇ ਵਿਚ ਪਾ ਦਿਤੇ। ਮਨ ਵਿਚ ਕਿਹਾ ਕਿ ਇਹ ਪੰਜੀਰੀ ਤਾਂ ਉਹ ਛਕ ਹੀ ਲੈਣਗੇ। ਇਹ ਤਾਂ ਸਭ ਚੀਜ਼ਾਂ ਸੁੱਚੀਆਂ ਹਨ। ਪੰਜੀਰੀ ਨੂੰ ਕੋਰੇ ਭਾਂਡੇ ਵਿਚ ਪਾ ਕੇ, ਉਨ੍ਹਾਂ ਦੇ ਲੰਗਰ ਦੀ ਅਲਮਾਰੀ ਵਿਚ ਰਖ ਦਿਤਾ। ਲੰਗਰ ਤਿਆਰ ਕਰਨ ਵਾਲਿਆਂ ਨਾਲ ਪੰਜੀਰੀ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ, "ਬੀਬੀ, ਤੁਸੀਂ ਤਿਆਰ-ਬਰ-ਤਿਆਰ ਨਹੀਂ, ਇਹ ਪੰਜੀਰੀ ਭਾਈ ਸਾਹਿਬ ਤੇ ਬਾਊ ਜੀ ਨਹੀਂ ਛਕਣਗੇ।" ਮੇਰਾ ਮਨ ਬੁਝ ਗਿਆ। ਪੰਜੀਰੀ ਪਈ ਰਹੀ ਤੇ ਮੈਂ ਇਹ ਦਸਣ ਦੀ ਜੁਰਅਤ ਵੀ ਨਾ ਕੀਤੀ ਕਿ ਮੈਂ ਕਿਸ ਪਿਆਰ ਨਾਲ ਇਹ ਪੰਜੀਰੀ ਬਣਾਈ ਹੈ, ਇਹ ਸੁਚੀ ਹੈ, ਜੂਠੀ ਨਹੀਂ। ਮੈਨੂੰ ਯਕੀਨ ਹੋ ਚੁਕਾ ਸੀ ਕਿ ਇਹ ਹੁਣ ਪਰਵਾਨ ਨਹੀਂ ਹੋ ਸਕਦੀ।

ਜਥੇ ਦਾ ਕੀਰਤਨ ਕਿਤੇ ਦੂਰ ਦੇ ਗੁਰਦੁਆਰਾ ਸਾਹਿਬ ਵਿਖੇ ਸੀ। ਘਰ ਦੀ ਜ਼ਿਮੇਵਾਰੀ ਸਦਕਾ ਉਸ ਦਿਨ ਮੈਂ ਉਨ੍ਹਾਂ ਦੇ ਨਾਲ ਨਹੀਂ ਸਾਂ ਜਾ ਸਕੀ। ਜਥੇ ਦੇ ਖ਼ਾਸ ਵਿਅਕਤੀ ਸ੍ਰੀ ਕਰਨਲ ਪਿਆਰਾ ਸਿੰਘ ਜੀ ਸਾਡੇ ਘਰ ਆ ਪੁਜੇ। ਉਨ੍ਹਾਂ ਦੇ ਆਉਣ ਦੀ ਮੈਨੂੰ ਬਹੁਤ ਖੁਸ਼ੀ ਹੋਈ। ਸਤਿਗੁਰੂ ਦੇ ਪਿਆਰੇ ਆ ਮਿਲੇ, ਚਾਅ ਚੜ੍ਹ ਗਿਆ। ਬਸ ਜੀ, ਫਿਰ ਤਾਂ—

ਸਜਣ ਮਿਲੇ ਸਜਣਾ ਜਿਨ ਸਤਿਗੁਰ ਨਾਲਿ ਪਿਆਰੁ ॥
ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ (੫੮੭)

ਬੈਰਾਗੀ ਜੀਊੜੇ ਕਰਨਲ ਸਾਹਿਬ ਨੇ ਵਾਜਾ ਫੜ ਲਿਆ। ਪ੍ਰੇਮ-ਤਰੰਗਾਂ ਵਿਚ ਮਸਤੀ ਵਿਚ ਝੂਮਦਿਆਂ ਨੇ ਸ਼ਬਦ ਅਰੰਭ ਕੀਤਾ—

ਹਉ ਅਨਦਿਨੁ ਹਰਿਨਾਮੁ ਕੀਰਤਨੁ ਕਰਉ ॥
ਸਤਿਗੁਰਿ ਮੋ ਕਉ ਹਰਿ ਨਾਮੁ ਬਤਾਇਆ, ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸ਼ਕਉ ॥੧॥ਰਹਾਉ॥
ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ, ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥
ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ, ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ ॥੧॥
ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ, ਕਿਨਹੂੰ ਪ੍ਰੀਤਿ ਲਾਹੀ ਮੋਹ ਅਪਮਾਨ ॥
ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣ ਪਦ, ਨਾਨਕ ਸਿਮਰਤ ਹਰਿ ਹਰਿ ਭਗਵਾਨ ॥੨॥੧੪॥੬੬॥

[ਆਸਾਵਰੀ ਮਹਲਾ ੪, ੩੬੯

ਕਰਨਲ ਸਾਹਿਬ ਕੀਰਤਨ ਵਿਚ ਲਟਬਉਰੇ ਹੋ ਹੋ ਜਾਣ ਅਤੇ ਉਨ੍ਹਾਂ ਦੇ ਅੰਦਰੋਂ ਪ੍ਰੇਮ ਦੀਆਂ ਅਜਿਹੀਆਂ ਕਾਂਗਾਂ ਫੁਟ ਫੁਟ ਨਿਕਲਣ ਕਿ ਬੈਰਾਗ ਦਾ ਇਕ ਮੰਡਲ ਹੀ ਛਾ ਗਿਆ।

ਦੇਵਨੇਤ ਨਾਲ ਉਸ ਦਿਨ ਪ੍ਰੋਫੈਸਰ ਠਾਕਰ ਸਿੰਘ ਜੀ ਵੀ ਕੀਰਤਨ ਤੇ ਨਹੀਂ ਸੀ ਜਾ ਸਕੇ। ਕੀਰਤਨ ਦੇ ਇਨ੍ਹਾਂ ਰੰਗਾਂ ਵਿਚ ਉਹ ਵੀ ਬਿਹਬਲ ਹੋ ਰਹੇ ਸਨ। ਕਰਨਲ ਸਾਹਿਬ ਤੋਂ ਪਿਛੋਂ ਪ੍ਰੋ: ਠਾਕਰ ਸਿੰਘ ਜੀ



www.AKJ.Org

ਨੇ ਕੀਰਤਨ ਦੇ ਉਸ਼ ਬੈਰਾਗ-ਮੰਡਲ ਵਿਚ ਹੋਰ ਵਾਧਾ ਕੀਤਾ ਅਤੇ ਕੀਰਤਨ ਦੁਆਰਾ ਬਾਣੀ ਦੇ ਬਾਣ ਐਸੇ ਸਿੰਨ੍ਹ ਸਿੰਨ੍ਹ ਕੇ ਚਲਾਏ ਕਿ ਬਸ ਜੀ, ਮਨ ਤਨ ਮੋਹਿਆ ਗਿਆ ।

ਜਦੋਂ ਜਥਾ ਵਾਪਸ ਸਾਡੇ ਬੁੰਗੇ ਪੁਜਾ ਤਾਂ ਮੈਂ ਸ਼ਬਦ ਪੜ੍ਹ ਰਹੀ ਸਾਂ :--

ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ ॥੧॥ਰਹਾਉ॥
ਹਮਰਾ ਮਨੁ ਬੈਰਾਗ ਬਿਰਕਤੁ ਭਇਓ, ਹਰਿ ਦਰਸਨ ਮੀਤ ਕੈ ਤਾਈ ॥
ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ, ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ ॥੧॥
ਰਾਖੁ ਸਰਣਿ ਜਗਦੀਸੁਰ ਪਿਆਰੇ, ਮੋਹਿ ਸਰਧਾ ਪੂਰਿ ਹਰਿ ਗੁਸਾਈ ॥
ਜਨ ਨਾਨਕ ਕੈ ਮਨਿ ਅਨਦੁ ਹੋਤ ਹੈ, ਹਰਿ ਦਰਸਨ ਨਿਮਖ ਦਿਖਾਈ ॥੨॥੩੯॥

[ਆਸਾਵਰੀ ਮਹਲਾ ੪, ੩੬੯-੭੦

ਇਹ ਤੁਕ ਗੂੰਜ ਰਹੀ ਸੀ, "ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ" । ਭਾਈ ਸਾਹਿਬ ਜੀ ਅੰਦਰ ਪੁਜਦਿਆਂ ਸਾਰ ਰੰਗਾਂ ਵਿਚ ਆ ਗਏ ਅਤੇ ਸ੍ਰੀ ਬਾਊ ਜੀ ਨੂੰ ਕਹਿਣ ਲਗੇ, 'ਪ੍ਰੀਤਮ ਰਾਮੁ ਬਤਾਵਹੁ' । ਉਨ੍ਹਾਂ ਦੇ ਆਉਣ ਨਾਲ ਮੇਰੇ ਮਨ ਦੀ ਦਸ਼ਾ ਹੋਰ ਵੀ ਵੈਰਾਗ ਵਿਚ ਆ ਗਈ । ਭਾਈ ਸਾਹਿਬ ਤੇ ਸ੍ਰੀ ਬਾਊ ਜੀ ਜਥੇ ਸਮੇਤ ਉਥੇ ਹੀ ਬੈਠ ਗਏ । ਕੀਰਤਨ ਦਾ ਮੰਡਲ ਅਨੂਪਮ ਰੰਗਾਂ ਵਿਚ ਖਿੜ ਗਿਆ । ਪਤਾ ਨਹੀਂ ਕਿਵੇਂ ਮੇਰੇ ਮਨ ਵਿਚ ਆਇਆ, ਤੇ ਮੈਂ ਆਪਣਾ ਇਕ-ਤਾਰਾ ਫੜ ਲਿਆ ਅਤੇ ਸ਼ਬਦ ਅਰੰਭ ਦਿਤਾ :—

ਆਏ ਸੰਤ ਪਰਾਹੁਣੇ, ਕੀਰਤਨ ਹੋਆ ਰੈਣ ਸਬਾਈ ॥

[ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੬

ਸੰਤ ਪਰਾਹੁਣੇ ਤਾਂ ਆਏ ਹੋਏ ਹੀ ਸਨ ਅਤੇ ਕੀਰਤਨ ਵੀ ਰਾਤ ਸਮੇਂ ਹੀ ਹੋ ਰਿਹਾ ਸੀ । ਐਉਂ ਕੀਰਤਨ-ਰੰਗਾਂ ਵਿਚ ਹੀ ਅਧੀ ਰਾਤ ਬੀਤ ਗਈ, ਤਾਂ ਭਾਈ ਸਾਹਿਬ ਜੀ ਕਹਿਣ ਲਗੇ, "ਜੋਗਣੇ, ਲਿਆ ਹੁਣ ਪੰਜੀਰੀ ! ਕੌਣ ਕਹਿੰਦਾ ਹੈ ਅਸੀਂ ਤੇਰੇ ਹੱਥਾਂ ਦੀ ਪੰਜੀਰੀ ਨਹੀਂ ਖਾਵਾਂਗੇ ? ਉਠਾ ਲਿਆ ਪੰਜੀਰੀ। ਮੈਂ ਥਿੜਕਦੀਆਂ ਲੱਤਾਂ ਤੇ ਕੰਬਦੇ ਹੱਥਾਂ ਨਾਲ ਲੋਹੇ ਦੇ ਬਾਟੇ ਵਿਚ ਪਾ ਕੇ ਪੰਜੀਰੀ ਪੇਸ਼ ਕੀਤੀ । ਸਾਰੀ ਸੰਗਤ ਵਿਚ ਸੱਨਾਟਾ ਛਾ ਗਿਆ । ਕੀਰਤਨ ਬੰਦ ਹੋ ਗਿਆ । ਸਭ ਇਹ ਅਸਚਰਜ ਕੌਤਕ ਵੇਖ ਰਹੇ ਸਨ । ਮੈਂ ਆਪਣੀ ਛੁਟਿੱਤਣ ਅਤੇ ਭਾਈ ਸਾਹਿਬ ਦੀ ਵਡਿੱਤਣ ਬਾਰੇ ਸੋਚ ਰਹੀ ਸਾਂ, ਪਰ ਚੁਪ ਛਾਈ ਹੋਈ ਸੀ । ਸ੍ਰੀ ਭਾਈ ਸਾਹਿਬ ਜੀ ਨੇ ਇਸ ਚੁੱਪ ਨੂੰ ਤੋੜਿਆ, ਬਖ਼ਸ਼ਸ਼ ਭਰੀਆਂ ਨਜ਼ਰਾਂ ਨਾਲ ਦੇਖਿਆ ਤੇ ਕਿਹਾ, "ਚਖ ਕੇ ਦੇਹ" । ਮੈਂ ਬਾਟਾ ਹੋਰ ਅਗੇ ਉਨ੍ਹਾਂ ਦੇ ਪਾਸ ਕੀਤਾ । ਮੈਥੋਂ ਆਪਣਾ ਆਪ ਸੰਭਾਲਿਆ ਨਹੀਂ ਸੀ ਜਾਂਦਾ । ਉਹ ਫਿਰ ਬੋਲੇ, "ਚਖ ਕੇ ਦੇਹ, ਭੀਲਣੀ ਨੇ ਬੇਰ ਚਖ ਕੇ ਦਿਤੇ ਸਨ ।" ਸ੍ਰੀ ਭਾਈ ਸਾਹਿਬ ਮੇਰੇ ਮਨ ਦੀ ਅਵਸਥਾ ਨੂੰ ਲਖ ਗਏ । ਮੈਂ ਹੋਰ ਬਖਸ਼ਸ਼ ਝਲਣ ਦੇ ਸਮਰੱਥ ਨਹੀਂ ਸਾਂ । ਉਨ੍ਹਾਂ ਨੇ ਦੋ ਬੁਰਕੀਆਂ ਪੰਜੀਰੀ ਦੀਆਂ ਖਾ ਲਈਆਂ ਤੇ ਫਿਰ ਕੀਰਤਨ ਸ਼ੁਰੂ ਹੋ ਗਿਆ, ਜਿਸ ਦਾ ਭੋਗ ਦੂਜੇ ਦਿਨ ਦੁਪਹਿਰ ਦੇ ਇਕ ਵਜੇ ਪਿਆ । ਅਜੀਬ ਮਸਤੀ ਦਾ ਰੰਗ ਬਣਿਆ ਰਿਹਾ । ਫਿਰ ਅਸੀਂ ਬੋਪਾਰਾਇ ਦੇ ਸਮਾਗਮ ਤੇ ਅੰਮ੍ਰਿਤ ਪਾਨ ਕੀਤਾ ।

ਇਕ ਸਮੇਂ ਜਥਾ ਜੇਹਲਮ ਗਿਆ । ਜਥੇ ਦਾ ਨਿਵਾਸ-ਅਸਥਾਨ ਮੇਰੇ ਪਤੀ ਜੀ ਦੇ ਭੈਣ ਜੀ ਦੇ ਘਰ ਰਖਿਆ ਗਿਆ । ਸ਼ਹਿਰ ਦੇ ਇਕ ਗੁਰਦਵਾਰਾ ਸਾਹਿਬ ਵਿਖੇ ਕੀਰਤਨ ਹੋਇਆ । ਉਥੋਂ ਭੋਗ ਪੈਣ ਮਗਰੋਂ ਸ੍ਰੀ ਭਾਈ ਸਾਹਿਬ ਜੀ ਤੇ ਸ੍ਰੀ ਬਾਊ ਜੀ ਘਰ ਦੇ ਗੁਰਦਵਾਰੇ ਅੰਦਰ ਆ ਗਏ ਅਤੇ ਮੈਨੂੰ ਕੀਰਤਨ ਕਰਨ ਦਾ ਹੁਕਮ ਦਿਤਾ । ਸ਼ਬਦ ਪੜ੍ਹਿਆ—

ਬਾਕੀ ਦੇਖੋ ਸਫਾ ੧੨ ਦੇ ਹੇਠ ]



www.AKJ.Org

# ਸੁੰਞੇ ਘਰ ਕਾ ਪਾਹੁਣਾ

ਗੁਰਪੁਰ ਵਾਸੀ ਮਾ: ਜੁਗਿੰਦਰ ਸਿੰਘ ਜੀ ਬੜੂੰਦੀ
ਭਾਈ ਸਵਾਈ ਸਿੰਘ ਜੀ ਦੇ ਪ੍ਰਸ਼ਨਾਂ ਦੇ ਉਤਰ ਗੁਰਬਾਣੀ ਦੇ ਅੰਧਾਰ ਤੇ ਦੇ ਰਹੇ ਹਨ।

**ਪ੍ਰਸ਼ਨ**:—ਪਾਠ ਸੁਣਦਿਆਂ ਮਨਮੁਖ ਤੇ ਗੁਰਮੁਖ ਸ਼ਬਦ ਅਸੀਂ ਬਹੁਤੀ ਵਾਰੀ ਸੁਣਦੇ ਰਹੇ ਹਾਂ। ਕੀ ਆਪ ਦਸ ਸਕੋਗੇ ਕਿ ਉਕਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਤਨੀ ਵਾਰੀ ਵਰਤੇ ਗਏ ਹੋਣਗੇ ?

**ਉਤਰ**:—ਮਨਮੁਖ ਸ਼ਬਦ ਦੀ ਵਰਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਚਾਰ ਸੌ ਪਝੱਤਰ (੪੭੫) ਵਾਰੀ ਕੀਤੀ ਗਈ ਹੈ ਅਤੇ ਗੁਰਮੁਖਿ ਸ਼ਬਦ ਦੀ ਵਰਤੋਂ ਪੰਦਰ੍ਹਾਂ ਸੌ ਵੀਹ (੧੫੨੦) ਵਾਰੀ।

**ਪ੍ਰਸ਼ਨ**:—ਮਨਮੁਖ ਸ਼ਬਦ ਨਾਲੋਂ ਗੁਰਮੁਖਿ ਸ਼ਬਦ ਦੀ ਵਰਤੋਂ ਲਗ-ਪਗ ਤਿੰਨ ਗੁਣਾ ਤੋਂ ਵਧ ਵਾਰੀ ਕਿਉਂ ਕੀਤੀ ਗਈ ਹੈ ?

**ਉਤਰ**:—ਇਸ ਦਾ ਕਾਰਨ ਤਾਂ ਗੁਰੂ ਹੀ ਜਾਣ ਸਕਦਾ ਹੈ। ਭਾਸਦਾ ਇਉਂ ਹੈ ਕਿ ਮਨਮੁਖ ਚੂੰਕਿ ਨਿਗੁਰਾ ਹੁੰਦਾ ਹੈ ਤੇ ਨਿਗੁਰੇ ਪੁਰਸ਼ ਦਾ ਨਾਉਂ ਲੈਣਾ ਭੀ ਭੈੜਾ ਤੇ ਬੁਰਾ ਜਾਣਿਆ ਗਿਆ ਹੈ, ਇਸ ਲਈ ਮਨਮੁਖ ਸ਼ਬਦ ਦੀ ਵਰਤੋਂ ਘਟ ਕੀਤੀ ਗਈ ਹੈ। ਇਹ ਭੀ ਇਸ ਲਈ ਕਿ ਮਨਮੁਖਾਂ ਨੂੰ ਉਹਨਾਂ ਦੇ ਰੋਗ ਨੂੰ ਅਨੁਭਵ ਕਰਵਾ ਕੇ ਉਸ ਤੋਂ ਛੁਟਕਾਰਾ ਦਿਵਾਉਣ ਲਈ ਪ੍ਰੇਰਨਾ ਕੀਤੀ ਜਾ ਸਕੇ ਅਤੇ ਗੁਰਮੁਖਾਂ ਪ੍ਰੇਮੀਆਂ ਨਾਮ-ਰਸੀਆਂ ਦੀ ਕੀਮਤ-ਕਦਰ ਭਲੀ ਭਾਂਤ ਜਣਾਈ ਪ੍ਰਗਟਾਈ ਜਾ ਸਕੇ। ਇਹੀ ਕਾਰਨ ਹੈ ਕਿ ਨਿਗੁਰੇ ਨਾਮ-ਹੀਣੇ ਮਨਮੁਖਾਂ ਸਾਕਤਾਂ ਲਈ ਅਤੀ ਘਿਰਣਤ ਸ਼ਬਦ ਵਰਤੇ ਗੁਰਬਾਣੀ ਅੰਦਰ ਮੌਜੂਦ ਹਨ।

**ਪ੍ਰਸ਼ਨ**:—ਜੀ, ਕਿਸ ਪਰਕਾਰ ਦੇ ਘਿਰਣਤ ਸ਼ਬਦ ਮਨਮੁਖਾਂ ਲਈ ਵਰਤੇ ਗਏ ਹਨ ? ਕੀ ਨਮੂਨੇ ਵਜੋਂ ਕੁਝਕੁ ਸ਼ਬਦ ਸੁਣਾਉਣ ਦੀ ਕਿਰਪਾਲਤਾ ਕਰੋਗੇ ?

**ਉਤਰ**:—ਲਓ ਇਕ-ਮਨ ਇਕ-ਚਿਤ ਹੋ ਕੇ ਪ੍ਰੇਮ ਪੂਰਬਕ ਸੁਣੋ—

**ਮੁਗਧ :**
ਮਨਮੁਖ ਮੁਗਧ ਕਰਹਿ ਚਤੁਰਾਈ ॥
ਨਾਤਾ ਧੋਤਾ ਥਾਇ ਨ ਪਾਈ ॥ (੧੧੪)

ਮਨਮੁਖ ਆਪਣੇ ਜਾਣੇ ਬਹੁਤੀਆਂ ਚਤੁਰਾਈਆਂ ਦੇ ਆਸਰੇ ਆਪਣੇ ਆਪ ਨੂੰ ਅਤਿ ਸਿਆਣਾ ਜਾਣਦਾ ਹੈ, ਪਰੰਤੂ ਅਸਲ ਵਿਚ ਇਹ ਗੱਲ ਉਸ ਦੇ ਮੂਰਖ ਮੁਗਧ ਹੋਣ ਦੀ ਨਿਸ਼ਾਨੀ ਹੈ। ਉਸ ਦਾ ਨ੍ਹਾਉਣਾ ਧੋਣਾ, ਸੁੱਚ ਸੰਜਮ, ਕਰਮ ਧਰਮ, ਪੂਜਾ ਪਾਠ ਸਭ ਨਿਸਫਲ ਜਾਂਦੇ ਹਨ।

**ਮੂੜ :**
ਬਿਨੁ ਨਾਵੈ ਸਭ ਦੂਖ ਨਿਵਾਸੁ ॥
ਮਨਮੁਖ ਮੂੜ ਮਾਇਆ ਚਿਤੁ ਵਾਸੁ ॥ (੨੨੨)

ਨਾਮ ਤੋਂ ਬਿਨਾਂ ਪੁਰਸ਼ ਦਾ ਸਾਰਾ ਜੀਵਨ ਹੀ ਦੁਖਾਂ ਦੀ ਖਾਣ ਹੈ। ਜੋ ਨਾਮ ਨੂੰ ਭੁਲਾ ਕੇ ਕੇਵਲ ਮਾਇਆ ਵਿਚ ਹੀ ਲੱਥ ਪੱਥ ਹੋਏ ਹਨ ਓਹ ਸਚਮੁੱਚ ਹੀ ਮੂੜ (ਕਮਲੇ) ਹਨ। ਯਥਾ ਗੁਰਵਾਕ—

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥ (੬੪੪-੪੫)

**ਗਵਾਰ :**
ਇਸੁ ਜੁਗ ਮਹਿ ਨਿਰਭਉ ਹਰਿਨਾਮੁ ਹੈ ਪਾਈਐ ਗੁਰ ਵੀਚਾਰਿ ॥
ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ ॥੨॥ (੩੬੫)

ਸਾਰੇ ਜੀਆਂ ਨੂੰ ਕਾਲ ਦਾ ਡਰ ਵਢ ਵਢ ਕੇ ਖਾ ਰਿਹਾ ਹੈ। ਸਿਵਾਏ ਗੁਰੂ ਤੋਂ ਕੋਈ ਭੀ ਇਸ ਡਰ ਨੂੰ ਦੂਰ ਨਹੀਂ ਕਰ ਸਕਿਆ। "ਨਿਰਭਉ ਜਪੈ ਸਗਲ ਭਉ ਮਿਟੈ" (੨੯੩) ਦੀ ਜੁਗਤੀ ਪੂਰੇ ਸਤਿਗੁਰੂ ਤੋਂ



www.AKJ.Org

ਬਿਨਾਂ ਕਉਣ ਦਸੇ ? ਨਾਮ ਦੀ ਕਣੀ ਤਾਂ ਪੂਰੇ ਗੁਰੂ ਪਾਸੋਂ ਹੀ ਪ੍ਰਾਪਤ ਹੋ ਸਕਣੀ ਹੋਈ। ਇਹੀ ਗੁਰਮਤਿ ਦੀ ਸੱਚੀ ਸੁੱਚੀ ਵੀਚਾਰ ਹੈ, ਮਨਮੁਖ ਸਾਕਤ ਨੂੰ ਫੁਰਦੀ ਨਹੀਂ। ਇਸ ਲਈ ਗਵਾਰ (ਕਮਲਾ) ਮਨਮੁਖ ਅਵੱਸ਼ੋਂ ਹੀ ਜਮਾਂ ਦਾ ਖਾਜਾ ਬਣ ਕੇ ਰਹੇਗਾ।

**ਮੂਰਖ :** ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥
ਮਨਮੁਖ ਭੂਲੇ ਅੰਧ ਗਾਵਾਰ ॥ (੬੬੫)

ਨਾਮ ਧਨ ਤੋਂ ਬਿਨਾਂ ਬਾਕੀ ਸਾਰੀ ਸਮੱਗ੍ਰੀ ਹੀ ਕੱਚਾ ਧਨ ਹੈ, ਜੋ ਵਿਹੁ ਦੀ ਨਿਆਈਂ ਹੈ। ਇਸ ਨੂੰ ਧਨੁ ਕਹਿਣਾ ਹੀ ਅਸਲੀ "ਨਾਮ ਧਨੁ" ਸ਼ਬਦ ਦੀ ਹਤਕ ਕਰਨਾ ਹੈ। ਸੱਚਾ ਧਨੁ ਗੁਰੂ ਸਤਿਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ, ਜਿਸ ਨੂੰ ਸਿੱਧ ਸਾਧਿਕ ਆਦਿਕ ਤਰਸਦੇ ਚਲੇ ਗਏ। ਇਸ ਅਸਲੀ ਧਨ ਦੇ ਪਾਉਣ ਕਰਕੇ ਜਨਮ ਮਰਨ ਤੋਂ ਰਹਿਤ ਹੋ ਜਾਈਦਾ ਹੈ। ਕੱਚਾ ਧਨ ਸੰਚਣਹਾਰੇ ਸਦਾ ਆਉਂਦੇ ਜਾਂਦੇ ਜੰਮਦੇ ਮਰਦੇ ਰਹਿੰਦੇ ਹਨ। ਇਸੇ ਲਈ ਐਸੇ ਮਨਮੁਖਾਂ ਲਈ 'ਮੂਰਖ' ਸ਼ਬਦ ਵਰਤਿਆ ਗਿਆ ਹੈ।

**ਅੰਧੇ :** ਮਨਮੁਖ ਅੰਧੇ ਕਿਛੂ ਨ ਸੂਝੈ ॥
ਮਰਣੁ ਲਿਖਾਇ ਆਏ ਨਹੀ ਬੂਝੈ ॥ (੧੧੪)

ਜਿਨ੍ਹਾਂ ਮਨਮੁਖਾਂ ਨੇ ਅਮੋਲਕ ਮਨੁਖਾ ਜਨਮ ਨੂੰ ਪਾਇ ਕੈ ਸਚ ਝੂਠ ਤੇ ਜੰਮਣ ਮਰਣ ਦੀ ਪਛਾਣ ਨਹੀਂ ਕੀਤੀ, ਜਿਨ੍ਹਾਂ ਨੂੰ ਇਹ ਭੀ ਪਤਾ ਨਹੀਂ "ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ" (੧੩੭੭) ਦੇ ਭਾਵ ਅਨੁਸਾਰ ਜਿਸ ਦਿਨ ਇਸ ਜੀਵ ਰੂਪ ਇਸਤ੍ਰੀ ਨੇ ਮੌਤ ਰੂਪੀ ਲਾੜੇ ਨਾਲ ਵਿਆਹਿਆ ਜਾਣਾ ਹੈ, ਉਹ ਦਿਨ ਪਹਿਲਾਂ ਹੀ ਲਿਖਿਆ (ਨੀਯਤ) ਕੀਤਾ ਗਿਆ ਹੈ। ਓਹ ਅੰਧੇ ਨਹੀਂ ਤਾਂ ਹੋਰ ਕੀ ਹਨ? ਕਿਉਂ ਜੁ ਅੰਨ੍ਹਿਆਂ ਵਾਲੇ ਲੱਛਣ ਓਹਨਾਂ ਤੇ ਐਨ ਠੀਕ ਘਟਦੇ ਹਨ। ਗੁਰਵਾਕ ਹੈ—

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੨॥ (੯੫੪)

**ਬੋਲੇ :** ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥
ਬਾਣੀ ਸੁਰਤਿ ਨ ਬੁਝਨੀ ਸਬਦਿਨ ਕਰਹਿ ਪ੍ਰਗਾਸੁ ॥੨੧॥ (੧੪੧੫)

ਮਨਮੁਖ ਕੇਵਲ ਅੰਧੇ ਹੀ ਨਹੀਂ, ਸਗੋਂ ਓਹ ਬੋਲੇ ਭੀ ਹਨ, ਕਿਉਂ ਜੁ ਓਹਨਾਂ ਦੇ ਅੰਦਰ ਤ੍ਰਿਸ਼ਨਾ ਰੂਪੀ ਅੱਗ ਦੇ ਭਾਂਬੜ ਬਲ ਰਹੇ ਹਨ। ਓਹਨਾਂ ਨੂੰ ਇਹ ਗਿਆਨ ਨਹੀਂ ਕਿ ਓਹ ਇਸ ਅੱਗ ਅੰਦਰ ਜਲ ਕੇ ਸੁਆਹ ਹੋ ਜਾਣਗੇ। ਓਹ ਰਾਜ ਮਾਲ ਦੇ ਰੋਲੇ ਗੋਲੇ ਵਿਚ ਸ਼ਬਦ ਨਹੀਂ ਸੁਣਦੇ, ਕੰਨਾਂ ਕਰਕੇ ਸੁਣਦੇ ਤਾਂ ਹਨ, ਪਰੰਤੂ ਬੁਝਦੇ ਨਹੀਂ, ਮੰਨਦੇ ਨਹੀਂ, ਗੁਰ-ਉਪਦੇਸ਼ ਤੇ ਸ਼ਰਧਾ-ਭਾਵਨੀ ਨਹੀਂ ਲਿਆਉਂਦੇ। ਤਾਂਹੀ ਐਸੇ ਮਨਮੁਖਾਂ ਪ੍ਰਥਾਇ ਹੇਠ ਲਿਖੇ ਬਚਨ ਕਹੇ ਗਏ ਹਨ—

ਸਬਦੁ ਨ ਜਾਣਹਿ ਸੇ ਅੰਨੇ ਬੋਲੇ, ਸੇ ਕਿਤੁ ਆਏ ਸੰਸਾਰਾ ॥
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥ (੬੦੧)
ਮਾਇਆ ਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ (੩੧੩)

**ਸੁੱਤੇ :** ਮਨਮੁਖਿ ਹਉਮੈ ਮਾਇਆ ਸੂਤੇ ॥
ਆਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥੧੫॥ (੧੦੪੯)

ਮਨਮੁਖਾਂ ਸਾਕਤਾਂ ਨੂੰ ਜਾਗਦੇ ਕਹਿਣਾ ਭੀ ਨਹੀਂ ਬਣਦਾ। ਕਿਉਂ ਜੁ ਜਾਗਦਾ ਪ੍ਰਾਣੀ ਆਪਣਾ ਘਰ ਚੋਰਾਂ ਨੂੰ ਨਹੀਂ ਲੁਟਾ ਸਕਦਾ। ਮਨਮੁਖਾਂ ਦੇ ਹਿਰਦਿਆਂ ਵਿਚੋਂ ਨਾਮ ਰੂਪੀ ਅੰਮ੍ਰਿਤ ਨੂੰ ਪੰਜਾਂ ਚੋਰਾਂ ਵਲੋਂ

[ਬਾਕੀ ਦੇਖੋ ਸਫ਼ਾ ੧੮ ਦੇ ਹੇਠ]



www.AKJ.Org

# ਕਲਾ ਕ੍ਰਿਸ਼ਮਾਇਣੀ ਅਰਦਾਸ

[ਪ੍ਰਿੰਸੀਪਲ ਇੰਦਰ ਕੌਰ ਜੀ, ਬੀਬੀ ਰਜਨੀ ਕਾਲਜ, ਪਟੀ]

ਅਖੰਡ ਕੀਰਤਨੀ ਜਥੇ ਦੇ ਸਮਾਗਮਾਂ ਵਿਚ ਸ੍ਰੀ ਭਾਈ ਸਾਹਿਬ (ਭਾਈ ਰਣਧੀਰ ਸਿੰਘ ਜੀ) ਦੇ ਸੰਗ ਸਾਥ ਹੀ ਸ੍ਰੀ ਬਾਊ ਜੀ (ਬਾਊ ਮਲ ਸਿੰਘ ਜੀ) ਵਿਚਰਦੇ ਸਨ। ਕੀਰਤਨ-ਸਮਾਗਮਾਂ ਵਿਚ 'ਅਰਦਾਸ' ਸਦਾ ਹੀ ਸ੍ਰੀ ਬਾਊ ਜੀ ਹੀ ਕਰਦੇ ਰਹੇ ਹਨ। ਇਨ੍ਹਾਂ ਦੀ ਅਰਦਾਸ ਵਿਚ ਕੋਈ ਅਨੋਖਾ ਰੰਗ ਹੁੰਦਾ। ਹਿਰਦਿਓਂ ਵਲਵਲੇ ਫੁਟ ਫੁਟ ਪੈਂਦੇ। ਜੋਦੜੀਆਂ ਕਰਦਿਆਂ ਬੇਨਤੀ ਰੂਪ ਹੀ ਹੋ ਜਾਂਦੇ। ਬਾਹਰਲੀ ਦੁਨੀਆ ਨਾਲੋਂ ਤੋੜ ਲੈਂਦੇ ਅਤੇ ਸਤਿਗੁਰੂ ਜੀ ਨੂੰ ਮੁਖ਼ਾਤਬ ਹੋ ਕੇ ਉਨ੍ਹਾਂ ਨਾਲ ਗੱਲਾਂ ਕਰਦੇ। ਇਤਨੇ ਵੈਰਾਗ ਵਿਚ ਆ ਜਾਂਦੇ ਕਿ ਰੋ ਰੋ ਕੇ ਫ਼ਰਿਆਦਾਂ ਕਰਦੇ। ਬਿਰਹੋਂ ਦੇ ਵਹਿਣ ਵਿਚ ਆਏ ਹੋਏ ਸਮੇਂ ਦੀ ਪਾਬੰਦੀ ਵੀ ਭੁਲ ਜਾਂਦੇ। ਸਾਰੀ ਸੰਗਤ ਵੀ ਇਸ ਅਰਦਾਸ-ਜੋਦੜੀ ਵਿਚ ਸਤਿਗੁਰਾਂ ਦੇ ਚਰਨਾਂ ਵਿਚ ਜੁੜ ਜਾਂਦੀ ਅਤੇ ਖਲੋਤਿਆਂ ਨੂੰ ਅਕੇਵੇਂ ਥਕੇਵੇਂ ਦਾ ਖ਼ਿਆਲ-ਛਿਕ ਨਾ ਫੁਰਦਾ।

ਇਨ੍ਹਾਂ ਦੀ ਕੀਤੀ ਅਰਦਾਸ ਦਾ ਕਮਾਲ ਇਹ ਹੁੰਦਾ ਹੈ ਕਿ—

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ (੮੧੯)

ਇਹ ਮਹਾਂ ਵਾਕ ਇਨ੍ਹਾਂ ਉਪਰ ਪੂਰੀ ਤਰ੍ਹਾਂ ਢੁਕਦਾ। ਮੇਰੇ ਆਪਣੇ ਜੀਵਨ ਵਿਚ ਕਈ ਵਾਰੀ ਇਨ੍ਹਾਂ ਦੀ ਅਰਦਾਸ ਸਦਕਾ ਸੁਖ ਵਰਤਿਆ ਹੈ। ਮੇਰੇ ਪਤੀ ਜੀ ਦੀ ਸਿਹਤ ਲਈ ਕੀਤੀ ਅਰਦਾਸ ਮੰਨੀ ਗਈ।

ਸ੍ਰੀ ਅੰਮ੍ਰਿਤਸਰ ਵਿਖੇ ਮੈਂ ਬਹੁਤ ਬੀਮਾਰ ਹੋ ਗਈ। ਡਾਕਟਰਾਂ ਨੇ ਜਵਾਬ ਦੇ ਦਿਤਾ। ਅੰਤ ਸਮਾਂ ਨੇੜੇ ਦਿਸਣ ਲਗਾ। ਪ੍ਰੋਫੈਸਰ ਠਾਕਰ ਸਿੰਘ ਜੀ ਨੇ ਪਿਤਾ ਜੀ (ਸ੍ਰੀ ਬਾਊ ਜੀ) ਨੂੰ ਬੇਨਤੀ ਕੀਤੀ, "ਬਾਪੂ ਜੀ, ਹੁਣ ਤਾਂ ਸ੍ਰੀ ਅਖੰਡਪਾਠ ਰਖਵਾ ਕੇ ਅਰਦਾਸ ਕਰੋ, ਤਾਹੀਂ ਕੋਈ ਆਸ ਬਝ ਸਕਦੀ ਹੈ। ਡਾਕਟਰ ਤਾਂ ਕੋਈ ਆਸ ਨਹੀਂ ਬੰਨ੍ਹਾਉਂਦੇ। ਬਸ, ਬਖ਼ਸ਼ਸ਼ ਦੇ ਘਰ ਆ ਗਏ। ਵੀਰ ਸੇਵਾ ਸਿੰਘ ਦੇ ਬੁੰਗੇ ਸ੍ਰੀ ਅਖੰਡਪਾਠ ਰਖ ਦਿਤਾ ਅਤੇ ਅਰਦਾਸ ਕੀਤੀ ਕਿ ਹੇ ਦਾਤਾ, ਨਾਮ ਜਪਣ ਤੇ ਸੇਵਾ ਕਰਨ ਲਈ ਬੀਬੀ ਨੂੰ ਹੋਰ ਸਮਾਂ ਬਖ਼ਸ਼ੋ। ਮੈਂ ਤਾਂ ਪੂਰੀ ਹੋਸ਼ ਦੀ ਹਾਲਤ ਵਿਚ ਨਹੀਂ ਸਾਂ, ਪਰ ਮੇਰੀ ਸੇਵਾ ਲਈ ਜੋ ਮਾਈ ਮੇਰੇ ਪਾਸ ਟਿਕੀ ਹੋਈ ਸੀ, ਉਹ ਨਾਮ ਜਪਣ ਵਾਲੀ ਸੀ। ਉਸ ਨੂੰ ਕੋਈ ਨਜ਼ਾਰਾ ਦਿਸਿਆ। ਉਹ ਕੀ ਵੇਖਦੀ ਹੈ ਕਿ ਮੈਨੂੰ ਲੈਣ ਲਈ ਕੁਝ ਸਿੰਘ ਆਏ ਹਨ। ਪਰ ਨਾਲ ਉਹ ਕਹਿੰਦੇ ਹਨ ਕਿ ਅਜੇ ਨਹੀਂ ਲਿਜਾਣਾ। ਅਤੇ ਉਹ ਵਾਪਸ ਚਲੇ ਜਾਂਦੇ ਹਨ।

ਉਸ ਮਾਈ ਨੇ ਪੂਰੇ ਵਿਸਥਾਰ ਨਾਲ ਉਸ ਸਾਰੇ ਨਜ਼ਾਰੇ ਦਾ ਹਾਲ ਮੈਨੂੰ ਸੁਣਾਇਆ। ਇਸ ਤੋਂ ਬਾਅਦ ਮੇਰੀ ਸਰੀਰਕ ਹਾਲਤ ਸੁਧਰਨ ਲਗ ਪਈ, ਅਤੇ ਕੁਝ ਚਿਰ ਮਗਰੋਂ ਮੈਂ ਰਾਜ਼ੀ ਬਾਜ਼ੀ ਹੋ ਗਈ।

ਇਸ ਅਰਦਾਸ ਬਾਰੇ ਇਕ ਹੋਰ ਹੈਰਾਨੀ-ਜਨਕ ਗੱਲ ਦਾ ਪਤਾ ਲਗਾ। ਮੈਨੂੰ ਲੋਪੋਂ ਤੋਂ ਸੰਤ ਦਰਬਾਰਾ ਸਿੰਘ ਜੀ ਨੇ ਕਾਲਜ ਦਾ ਹੈਡ ਕਲਰਕ ਭੇਜ ਕੇ ਬੁਲਾਇਆ। ਮੈਂ ਉਥੇ ਕਦੀ ਨਹੀਂ ਗਈ ਸਾਂ ਤੇ ਨਾ ਹੀ ਸੰਤਾਂ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਨੇ ਕਿਹਾ, "ਬੀਬਾ ਜੀ, ਆਪਣਾ ਕਾਲਜ ਸੰਭਾਲ ਲਵੋ। ਸਾਨੂੰ ਕੋਈ ਅਰਜ਼ੀ ਨਹੀਂ ਚਾਹੀਦੀ, ਕੋਈ ਜਾਣ ਪਛਾਣ ਨਹੀਂ ਲੋੜੀਂਦੀ। ਬਸ ਆਪਣਾ ਕਾਲਜ ਸੰਭਾਲੋ। ਮੈਂ ਕਾਲਜ ਦੀ ਜ਼ਿਮੇਵਾਰੀ ਸੰਭਾਲ ਲਈ। ਕੁਝ ਚਿਰ ਮਗਰੋਂ ਮੈਂ ਸੰਤਾਂ ਤੋਂ ਪੁਛਿਆ, "ਤੁਸੀਂ ਕਿਉਂ ਏਸ ਤਰ੍ਹਾਂ ਕਿਹਾ ਸੀ ?" ਤਾਂ ਕਹਿਣ ਲਗੇ, "ਇਕ ਸਾਲ ਪਹਿਲਾਂ ਸਾਨੂੰ ਹੁਕਮ ਮਿਲਿਆ ਸੀ ਕਿ ਪੂਰੇ ਸਾਲ ਬਾਅਦ ਇਕ ਬੀਬੀ



www.AKJ.Org

ਤੁਹਾਡੇ ਪਾਸ ਆਵੇਗੀ, ਉਹ ਕਾਲਜ ਦੀ ਸੰਭਾਲ ਕਰੇਗੀ। ਉਹ ਇਕ ਸਾਲ ਬੀਤ ਗਿਆ ਸੀ ਤੇ ਤੁਸੀਂ ਆ ਗਏ। ਅਸੀਂ ਪਛਾਣ ਲਿਆ ਕਿ ਓਹੋ ਬੀਬੀ ਹੈ।" ਮੇਰੀ ਸੰਸੇ ਭਰੀ ਬਿਰਤੀ ਨੇ ਫਿਰ ਸਵਾਲ ਕੀਤਾ, "ਜੀ, ਤੁਹਾਨੂੰ ਕਿਸ ਦਾ ਹੁਕਮ ਮਿਲਿਆ ਸੀ ?" ਤਾਂ ਉਹ ਮੇਰੇ ਵਲ ਵੇਖ ਕੇ ਬੋਲੇ, "ਅਕਾਲ ਪੁਰਖ ਦਾ।"

ਅਰਦਾਸ ਜੋ ਪਿਤਾ ਜੀ ਨੇ ਕੀਤੀ ਸੀ, ਉਸ ਤੋਂ ਪੂਰੇ ਇਕ ਸਾਲ ਬਾਅਦ ਮੈਨੂੰ ਉਹ ਸੇਵਾ ਮਿਲੀ ਸੀ। ਫਿਰ ਜਦੋਂ ਪਿਤਾ ਜੀ ਸੰਤਾਂ ਨੂੰ ਮਿਲੇ ਤਾਂ ਉਨ੍ਹਾਂ ਦੀ ਆਪਸੀ ਜਾਣ ਪਛਾਣ ਵੀ ਮੇਰੀ ਸਮਝ ਤੋਂ ਬਾਹਰੀ ਸੀ।

ਇਹ ਕੁਝ ਪਿਆਰੀਆਂ ਸਾਂਝਾਂ ਤੇ ਅਭੁਲ ਯਾਦਾਂ ਮੈਂ ਸੋਝੀਵਾਨ ਗੁਰੂ-ਪਿਆਰਿਆਂ ਨਾਲ ਸਾਂਝੀਆਂ ਕਰ ਰਹੀ ਹਾਂ, ਅਤੇ ਆਪਣਾ ਜੀਵਨ-ਤਜਰਬਾ ਦਸ ਰਹੀ ਹਾਂ ਕਿ ਜੋ ਕੁਝ ਦਿਸਦਾ ਹੈ, ਇਸ ਤੋਂ ਪਰੇ ਹੋਰ ਬੜਾ ਕੁਝ ਅਣਦਿਸਦਾ ਹੈ। ਮਹਾਂ ਪੁਰਸ਼ ਬਖਸ਼ਸ਼ਾਂ ਦੇ ਭੰਡਾਰ ਹਨ, ਜਿਨ੍ਹਾਂ ਦੇ ਪਾਸ ਨਾਮ-ਕਮਾਈਆਂ ਦਾ ਸਦਕਾ ਅਖੁਟ ਖਜ਼ਾਨੇ ਹੁੰਦੇ ਹਨ। ਅਤੇ ਉਹ ਰੰਗਲੇ ਸਜਣ–

ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ ਵਧਦੋ ਜਾਈ ॥੩॥ (੧੮੬)

ਅਕਥ ਕਥਾ ਹੈ ਗੁਰੂ-ਪਿਆਰਿਆਂ ਦੀ, ਜੋ ਸਾਡੇ ਕਥਨ ਤੋਂ ਬਾਹਰੀ ਹੈ। ਅਸੀਂ ਤਾਂ ਆਪਣੀ ਸ਼ਰਧਾ ਦੇ ਫੂਲ ਹੀ ਭੇਟ ਕਰ ਸਕਦੇ ਹਾਂ ਤੇ ਨਮਸਕਾਰ ਕਰ ਸਕਦੇ ਹਾਂ।

["ਪੂਰਬ ਜਨਮ ਕੇ ਮਿਲੇ ਸੰਜੋਗੀ" ਜੋ ਛੇਤੀ ਛਪੇਗੀ ਪੁਸਤਕ ਵਿਚੋਂ,

---

[ਸਫਾ ੧੬ ਦੀ ਬਾਕੀ]

ਦਿਨ-ਦਿਹਾੜੇ ਲੁਟਿਆ ਜਾ ਰਿਹਾ ਹੈ। ਓਹ ਸਗੋਂ ਹਉਮੈ ਮਾਇਆ ਦੀ ਨੀਂਦ ਅੰਦਰ ਘੂਕ ਸੁੱਤੇ ਪਏ ਹਨ। ਤਾਂਹੀ ਤੇ ਭਗਤ ਕਬੀਰ ਜੀ ਫ਼ੁਰਮਾਉਂਦੇ ਹਨ–

ਮਨ ਰੇ ਸੰਸਾਰੁ ਅੰਧ ਗਹੇਰਾ ॥ ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥ (੬੫੪)

ਇਸੇ ਭਾਵ ਨੂੰ ਹੇਠ ਲਿਖੀਆਂ ਗੁਰ-ਪੰਗਤੀਆਂ ਹੋਰ ਸਪਸ਼ਟਾਉਂਦੀਆਂ ਹਨ–

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੁਕਾਰਾ ॥
ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥ (੬੦੦)

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਾਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥ (੮੩੩)

ਸੋ ਸਿਧ ਹੋਇਆ ਕਿ ਮਨਮੁਖ ਜਾਗਦੇ ਭੀ ਸੁੱਤੇ ਪਏ ਹਨ।

**ਆਲਸੀ** :
ਮਨਮੁਖ ਕਉ ਆਲਸੁ ਘਣੋ ਫਾਥ ਓਜਾੜੀ ॥
ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥ ੧੦੧੧)

ਮਨਮੁਖਾਂ ਦੀ ਗਤੀ ਤਾਂ ਜੰਗਲ ਦੇ ਪੰਛੀ ਦੀ ਨਿਆਈਂ ਹੈ। ਉਸ ਨੂੰ ਆਪਣੀ ਫਾਹੀ ਦਾ ਗਿਆਨ ਨਹੀਂ, ਸਗੋਂ ਬੇਫਿਕਰ ਹੋ ਕੇ ਵਿਸ਼ੇ ਵਿਕਾਰਾਂ ਰੂਪੀ ਚੋਗਾ ਚੁਗ ਰਿਹਾ ਹੈ। ਮਾਇਕ ਪਦਾਰਥ ਇਕੱਤਰ ਕਰਨ ਲਈ ਹਰ ਸਮੇਂ ਚੌਕੰਨਾ ਹੈ, ਪਰੰਤੂ ਭਲੇ ਪਾਸੇ ਜਾਣ ਲਈ ਉਸ ਨੂੰ ਆਲਸ ਆ ਘੇਰਦਾ ਹੈ। ਅੰਮ੍ਰਿਤ ਉਸ ਨੂੰ ਕਉੜਾ ਲਗਦਾ ਹੈ, ਵਿਹੁ ਮਿੱਠੀ। ਜੈਸੇ ਗੁਰ ਫ਼ੁਰਮਾਨ ਹੈ–

ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ ਸਾਕਤ ਕੀ ਬਿਧਿ ਨੈਨਹੁ ਡੀਠੀ ॥
ਕੂੜਿ ਕਪਟਿ ਅਹੰਕਾਰਿ ਰੀਝਾਨਾ ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥੨॥ (੮੯੨-੯੩)



www.AKJ.Org

# ਗੁਰੂ ਕਾ ਲੰਗਰ

ਗੁਰਮਤਿ ਰਹਿਤ ਮਰਯਾਦਾ ਅਨੁਸਾਰ ਪਤਿਤ ਜਾਂ ਬੇ-ਅੰਮ੍ਰਿਤੀਏ ਦਾ ਸਜਾਇਆ ਲੰਗਰ ਪਰਵਾਨ ਨਹੀਂ, ਤੇ ਅਜਿਹਾ ਪਕਵਾਨ ''ਗੁਰੂ ਕਾ ਲੰਗਰ'' ਨਹੀਂ ਸਦਵਾ ਸਕਦਾ।

''ਨਿਰਗੁਣੀਆਰਾ'' ੧੯੭੭ ਵਿਚ ਪ੍ਰੋਫੈਸਰ ਪੂਰਨ ਸਿੰਘ ਜੀ ਦਾ ਇਕ ਲੇਖ ''ਸਤਿਗੁਰਾਂ ਦਾ ਇਲਾਹੀ ਲੰਗਰ'' ਛਪਿਆ ਸੀ, ਜਿਸ ਵਿਚ ਉਹ ਲਿਖਦੇ ਹਨ—

> ''ਬਾਬੇ ਦੇ ਲੰਗਰ ਵਿਚ ਜਾਤ ਪਾਤ ਦੀ ਬਾਵਲੀ ਧੋਬੀਆਂ ਵਾਲੀ ਛੂੰ ਛਾਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ, ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ। .....'ਤਿਥੈ ਜੋਧ ਮਹਾਬਲ ਸੂਰ।' ਗੁਰੂ ਕੇ ਸਿੰਘ ਤਿਆਰ ਬਰ ਤਿਆਰ ਕਮਰਕਸੇ ਸਿਪਾਹੀ ਹਨ।'' ਆਦਿ।

ਪ੍ਰੋਫੈਸਰ ਪੂਰਨ ਸਿੰਘ ਜੀ ਦੀ ਉਪਰੋਕਤ ਲਿਖਤ ਦਾ ਭਾਵ ਇਹੋ ਹੀ ਹੈ ਕਿ ਗੁਰੂ ਕੇ ਲੰਗਰ ਦੀ ਪੰਗਤ ਵਿਚ ਕੋਈ ਜਾਤ ਪਾਤ, ਊਚ ਨੀਚ, ਵਡੇ ਛੋਟੇ ਆਦਿ ਕਿਸੇ ਕਿਸਮ ਦੇ ਵਿਤਕਰੇ ਨਹੀਂ ਹੋ ਸਕਦੇ। ਪਰ ਲੰਗਰ ਸਜਾਣ ਲਈ ਵਿਸ਼ੇਸ਼ ਗੁਰ ਮਰਯਾਦਾ ਹੈ। ਇਹ ਗੁਰੂ-ਪਾਤਸ਼ਾਹ ਦਾ ਲੰਗਰ ਹੈ। ਇਸ ਲੰਗਰ ਵਿਚ ਢਿਲੇ ਮੱਠੇ ਤੇ ਗੁਰੂ ਤੋਂ ਬੇਮੁਖ ਹੋਏ ਫਟਕ ਨਹੀਂ ਸਕਦੇ। ਲੰਗਰ ਦੇ ਸਜਾਉਣ ਵਿਚ ਹਰ ਕੋਈ ਹਿਸਾ ਨਹੀਂ ਲੈ ਸਕਦਾ, ਸਗੋਂ ਗੁਰੂ ਕੇ ਤਿਆਰ-ਬਰ-ਤਿਆਰ ਕਮਰਕਸੇ ਸੰਤ-ਸਿਪਾਹੀ ਸਿੰਘਾਂ ਦਾ ਹੀ ਉਥੇ ਪਹਿਰਾ ਹੁੰਦਾ ਹੈ।

''ਗੁਰੂ ਕਾ ਲੰਗਰ'' ਉਹੋ ਹੈ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਤਿਆਰ ਬਰ ਤਿਆਰ ਸਿੰਘ ਹੋਣ। ''ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ'' ਗੁਰੂ-ਹੁਕਮ ਅਨੁਸਾਰ ਬੇਦੀਨਾਂ ਦਾ ਖਾਣ ਗੁਰਮਤਿ ਅੰਦਰ ਵਿਵਰਜਤ ਹੈ। ''ਸਿਖ ਰਹਿਤ ਮਰਯਾਦਾ'' ਅਨੁਸਾਰ ਸਿਖ ਦੀ ਰੋਟੀ ਬੇਟੀ ਦੀ ਸਾਂਝ ਸਿਖ ਨਾਲ ਹੀ ਹੋ ਸਕਦੀ ਹੈ।

ਕੈਨੇਡਾ, ਯੂ. ਕੇ. ਆਦਿ ਮੁਲਕਾਂ ਵਿਚ ਪਤਿਤਪੁਣੇ ਦੀ ਬੀਮਾਰੀ ਬਹੁਤ ਹੈ ਅਤੇ ਉਥੋਂ ਦੇ ਕਈ ਗੁਰਦੁਆਰਿਆਂ ਦੇ ਪਰਬੰਧਕ ਸਿਖੀ ਤੋਂ ਪਤਿਤ ਹਨ। ਇਨ੍ਹਾਂ ਹਾਲਾਤ ਵਿਚ ਜੇ ਕੋਈ ਗੁਰੂ ਕਾ ਸਿਖ, ਇਨ੍ਹਾਂ ਪਤਿਤ ਵਿਅਕਤੀਆਂ ਦੇ ਤਿਆਰ ਕੀਤੇ ਪਕਵਾਨ ਨੂੰ ਛਕਣ ਤੋਂ ਨਾਂਹ ਕਰਦਾ ਹੈ ਤਾਂ ਉਹ ਗੁਰੂ ਕੇ ਹੁਕਮ ਨੂੰ ਬਜਾ ਰਿਹਾ ਹੈ। ਕੀ ਗੁਰਮਤਿ ਰਹਿਤ ਤੇ ਕਾਇਮ ਰਹਿਣਾ ਅਥਵਾ ਗੁਰੂ ਕੀ ਆਗਿਆ ਦਾ ਪਾਲਣ ਕਰਨਾ ਜੁਰਮ ਹੈ?

ਜੇ ਸਾਡੇ ਢਿਲੜ ਪਰਚਾਰਕ ਅਤੇ ਰਾਗੀ ਲਬ-ਲੋਭ ਦੀ ਭਾਵਨਾ ਅਧੀਨ, ਉਨ੍ਹਾਂ ਦੇਸ਼ਾਂ ਦੇ ਸ਼ਰਾਬੀ ਕਬਾਬੀ ਅਤੇ ਪਤਿਤ ਵਿਅਕਤੀਆਂ ਦੇ ਬਣਾਏ ਪਕਵਾਨ ਛਕ ਆਉਂਦੇ ਹਨ ਤਾਂ ਇਸ ਦਾ ਇਹ ਅਰਥ ਨਹੀਂ ਹੋ ਸਕਦਾ ਕਿ ਜਿਹੜਾ ਗੁਰੂ ਕਾ ਲਾਲ ਗੁਰਮਤਿ ਰਹਿਤ-ਰਹਿਣੀ ਵਿਚ ਰਹਿੰਦਾ ਹੋਇਆ ਐਸਾ ਭੋਜਨ ਛਕਣ ਤੋਂ ਇਨਕਾਰੀ ਹੋਵੇ, ਉਸ ਦੇ ਬਰਖਿਲਾਫ ਭੰਡੀ-ਪਰਚਾਰ ਸ਼ੁਰੂ ਕਰ ਦਿਤਾ ਜਾਵੇ।

ਗੁਰੂ ਕੀ ਰਹਿਤ ਵਿਚ ਰਹਿਣਾ, ਗੁਰੂ ਕੇ ਹੁਕਮਾਂ ਨੂੰ ਕਮਾਣਾ ਹੀ ਗੁਰਸਿਖੀ ਹੈ। ਗੁਰੂ ਕਾ ਲੰਗਰ ਸਜਾਣ ਵਰਤਾਣ ਲਈ ਗੁਰੂ ਕੇ ਤਿਆਰ ਬਰ ਤਿਆਰ ਸਿੰਘ ਹੀ ਹੋ ਸਕਦੇ ਹਨ। ਢਿਲੜ ਤੇ ਪਤਿਤ ਪ੍ਰਾਣੀ ਗੁਰੂ ਕੇ ਲੰਗਰ ਵਿਚ ਬਰਤਨ ਮਾਂਜਣ ਆਦਿ ਦੀ ਸੇਵਾ ਕਰ ਸਕਦੇ ਹਨ।

['ਸੂਰਾ' ਫਰਵਰੀ ੭੯ ਦੇ ਇਕ ਲੇਖ ਵਿਚੋਂ



www.AKJ.Org

# ਕੜਾਹ ਪ੍ਰਸ਼ਾਦ

[ਗਿ: ਊਧਮ ਸਿੰਘ ਜੀ, ਲਾਜਪਤ ਨਗਰ, ਨਵੀਂ ਦਿਲੀ]

ਕੜਾਹ ਪ੍ਰਸ਼ਾਦ ਦੀ ਪਵਿਤਰ ਮਰਯਾਦਾ ਬਾਰੇ ਗਿ: ਊਧਮ ਸਿੰਘ ਜੀ ਦਾ ਇਹ ਲੇਖ ਅਜ ਤੋਂ ਸਾਢੇ ਸਤਾਈ ਸਾਲ ਪਹਿਲਾਂ ਫ਼ਰਵਰੀ ੧੯੫੩ ਵਿਚ ਮਾਸਕ-ਪੱਤਰ "ਸੰਤ ਸਿਪਾਹੀ" ਅੰਮ੍ਰਿਤਸਰ ਵਿਚ ਛਪਿਆ ਸੀ।

ਲੇਖਕ ਨੇ ਦਸਿਆ ਹੈ ਕਿ ਕੜਾਹ ਪ੍ਰਸ਼ਾਦ ਧਰਮ ਦੀ ਕਿਰਤ ਚੋਂ ਪੂਰੀ ਪਵਿਤਰਤਾ ਨਾਲ ਰਹਿਣੀ ਬਹਿਣੀ ਵਾਲੇ ਅੰਮ੍ਰਿਤਧਾਰੀ ਸਿਖ ਹੀ ਤਿਆਰ ਕਰਨ ਅਤੇ ਤਿਆਰ-ਬਰ-ਤਿਆਰ ਸਿੰਘ ਹੀ ਵਰਤਾਉਣ। ਸਹੀ ਗੁਰ-ਮਰਯਾਦਾ ਇਹੋ ਹੈ। —ਸੰਪਾਦਕ

ਸਿਖ ਪੰਥ ਵਿਚ ਕੜਾਹ ਪ੍ਰਸ਼ਾਦ ਦੀ ਮਰਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲੀ ਆਉਂਦੀ ਹੈ, ਜੋ ਅਜ ਤਕ ਪਰਚਲਤ ਹੈ। ਗੁਰਬਾਣੀ ਵਿਚ ਇਸ ਪਵਿਤ੍ਰ ਦੇਗ ਨੂੰ ਗੁਰੂ ਕੀ ਰਸੋਈ ਕਿਹਾ ਗਿਆ ਹੈ। ਯਥਾ—

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (੯੬੮)

ਘਿਉ ਮੈਦਾ (ਆਟਾ) ਅਤੇ ਖੰਡ ਤੋਂ ਬਿਨਾਂ ਜਲ ਅਗਨੀ ਦੋ ਹੋਰ ਚੀਜ਼ਾਂ ਵੀ ਇਸ ਵਿਚ ਮਿਲਦੀਆਂ ਹਨ। ਇਸ ਲਈ ਭਾਈ ਗੁਰਦਾਸ ਜੀ ਨੇ ਇਸ ਦਾ ਨਾਮ ਪੰਚਾਮ੍ਰਿਤ ਵੀ ਲਿਖਿਆ ਹੈ। ਯਥਾ—

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ ਪੰਚ ਮਿਲ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥ [ਕਬਿਤ ੧੨੪

ਸੰਸਾਰ ਭਰ ਦੇ ਸਾਰੇ ਪਦਾਰਥਾਂ ਵਿਚੋਂ ਉਤਮ ਗੁਰੂ ਕੀ ਰਸੋਈ ਹੋਣ ਕਰਕੇ ਭਾਈ ਸਾਹਿਬ ਜੀ ਨੇ ਇਸ ਦਾ ਨਾਮ ਮਹਾਂ ਪ੍ਰਸ਼ਾਦ (ਸਭ ਤੋਂ ਉਤਮ ਪ੍ਰਸ਼ਾਦ) ਵੀ ਲਿਖਿਆ ਹੈ। ਯਥਾ—

ਕੋਰੇ ਮਟ ਅਣਾਇ ਨੀਰੁ ਭਰਾਇਆ ॥ ਆਨਿ ਮਹਾਂ ਪਰਸਾਦ ਵੰਡਿ ਖੁਆਇਆ ॥

ਵਾਰ ੨੦, ਪ: ੧੦

ਅੰਥਵਾ—ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸ਼ਾਦਿ ਏਕ ਗੁਰਪੁਰਬ ਕੈ ਸਿਖਨ ਬੁਲਾਵਈ ॥ [ਕਬਿਤ ੩੦੯

ਇਸ ਵਕਤ ਖੁਸ਼ੀ ਗਮੀਆਂ ਦੇ ਹਰ ਛੋਟੇ ਮੋਟੇ ਕਾਰਜ ਵਿਚ ਗੁਰੂ ਕੇ ਸਿਖ ਕੜਾਹ ਪ੍ਰਸ਼ਾਦ ਦੀ ਦੇਗ ਜ਼ਰੂਰੀ ਕਰਵਾਂਦੇ ਹਨ। ਮਗਰ ਇਸ ਪਰਮ ਪਾਵਨ ਮਰਯਾਦਾ ਨੂੰ ਜਿਵੇਂ ਇਕ ਰਸਮ ਬਣਾ ਕੇ ਇਸ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ ਜਾਂ ਇਸ ਵਿਚ ਜੋ ਖ਼ਾਮੀਆਂ ਵੇਖਣ ਵਿਚ ਆ ਰਹੀਆਂ ਹਨ, ਉਨ੍ਹਾਂ ਸਬੰਧੀ ਕੁਝ ਖਿਆਲ ਪਾਠਕਾਂ ਦੇ ਸਾਹਮਣੇ ਰਖੇ ਜਾਂਦੇ ਹਨ।

ਗੁਰਮਤਿ ਵਿਚ ਜੋ ਵੀ ਮਰਯਾਦਾ ਗੁਰੂ ਸਾਹਿਬਾਂ ਵਲੋਂ ਨੀਯਤ ਹੋਈਆਂ ਹਨ ਉਹਨਾਂ ਵਿਚ ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਉਹਨਾਂ ਸਬੰਧੀ ਸਿਖ ਦੇ ਦਿਲ ਵਿਚ ਸ਼ਰਧਾ ਅਤੇ ਪਿਆਰ ਦਾ ਹੋਣਾ ਲਾਜ਼ਮੀ ਹੈ। ਸ਼ਰਧਾ-ਭਾਵਨਾ ਤੋਂ ਖ਼ਾਲੀ ਕੋਈ ਵੀ ਕੰਮ ਇਕ ਲੋਕ-ਦਿਖਾਵਾ ਅਤੇ ਫੋਕਟ ਕਰਮ ਹੈ। ਜੇਕਰ ਅਸੀਂ ਇਹ ਸਮਝਦੇ ਹਾਂ ਕਿ ਕੜਾਹ ਪ੍ਰਸ਼ਾਦ ਗੁਰੂ ਕੀ ਹਜ਼ੂਰੀ ਵਿਚ ਪ੍ਰਵਾਨ ਹੋਣਾ ਜ਼ਰੂਰੀ ਹੈ ਤਾਂ ਹੇਠ ਲਿਖੀ ਵੀਚਾਰ ਨੂੰ ਅਖੋਂ ਓਹਲੇ ਕਰ ਦੇਣਾ ਅਗਿਆਨਤਾ ਅਤੇ ਬੇਸਮਝੀ ਹੈ। ਗੁਰੂ ਸਾਹਿਬ ਜਾਂ ਨੇ ਝੂਠ, ਪਾਪ, ਫ਼ਰੇਬ ਅਤੇ ਠਗੀ ਦੀ ਕਮਾਈ ਨੂੰ ਕਦੇ ਪ੍ਰਵਾਨ ਨਹੀਂ ਕੀਤਾ। ਮਲਕ ਭਾਗੋ ਦੇ ਅਧਰਮ ਪਾਪ ਦੀ ਕਮਾਈ ਨਾਲ ਬਣੇ ਹੋਏ ਪੂੜਿਆਂ ਚੋਂ ਖ਼ੂਨ ਅਤੇ ਭਾਈ ਲਾਲੋ ਦੀ ਧਰਮ ਕਿਰਤ ਦੀ ਕੋਧਰੇ ਦੀ ਰੋਟੀ ਚੋਂ ਦੁੱਧ ਵਗਾ ਕੇ ਦਸਿਆ। ਅਗਰ ਨੂਰ ਸ਼ਾਹ ਦੇ ਹੀਰੇ ਮੋਤੀਆਂ ਦੇ ਭਰੇ ਥਾਲ ਨੂੰ ਤਿਆਗ ਕੇ ਧਰਮ ਦੀ ਕਿਰਤ ਕਰ ਕੇ ਲਿਆਂਦੀ ਦੋ ਪੈਸਿਆਂ ਦੀ ਖਿਚੜੀ ਨੂੰ ਸਵੀਕਾਰ ਕੀਤਾ ਹੈ ਤਾਂ ਅਜ ਅਧਰਮ ਪਾਪ ਅਤੇ ਝੂਠ ਦੀ ਕਮਾਈ ਚੋਂ ਤਿਆਰ ਹੋਇਆ ਪ੍ਰਸ਼ਾਦ ਕਿਵੇਂ ਪ੍ਰਵਾਨ ਹੋ ਸਕਦਾ ਹੈ! ਇਸ ਦਾ ਮਤਲਬ ਇਹ ਨਹੀਂ ਕਿ ਪ੍ਰਸ਼ਾਦ ਕਰਨਾ ਬੰਦ ਕਰ ਦਿਤਾ ਜਾਵੇ, ਬਲਕਿ ਇਸ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ।



www.AKJ.Org

ਸਿਖ ਕੌਮ ਵਿਚ ਇਸ ਵਕਤ ਲਖਾਂ ਰੁਪਏ ਕੜਾਹ ਪ੍ਰਸ਼ਾਦ ਤੇ ਖਰਚ ਕੀਤੇ ਜਾਂਦੇ ਹਨ, ਪਰ ਇਸ ਗੱਲ ਦਾ ਕਿਸੇ ਨੂੰ ਖ਼ਿਆਲ ਤਕ ਨਹੀਂ ਕਿ ਧਰਮ ਦੀ ਕਿਰਤ ਕਰਨੀ ਵੀ ਜ਼ਰੂਰੀ ਹੈ। ਅੱਜ ਕਲ੍ਹ ਇਥੋਂ ਤਕ ਨੌਬਤ ਪੁਜ ਚੁਕੀ ਹੈ ਕਿ ਚੋਰੀ ਠੱਗੀ ਬਲੈਕ ਨਾਲ ਆਈ ਮਾਇਆ ਵਿਚੋਂ ਪ੍ਰਸ਼ਾਦ ਕਰਾ ਕੇ ਬਾਕੀ ਨੂੰ ਪਵਿਤ੍ਰ ਸਮਝ ਲਿਆ ਜਾਂਦਾ ਹੈ।

ਗੁਰਵਾਕ ਹੈ—ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥ (੧੪੧)

'ਮਾਰਣ' ਨਾਮ ਮਮਾਲੇ ਦਾ ਹੈ। ਜਿਵੇਂ ਮਸਾਲੇ ਪਾਇਆਂ ਹਰਾਮ ਚੀਜ਼ ਹਲਾਲ ਨਹੀਂ ਹੋ ਸਕਦੀ ਇਸੇ ਤਰ੍ਹਾਂ ਖੋਟੀ ਕਮਾਈ ਦੀਆਂ ਕੁਝ ਕੌਡੀਆਂ ਧਰਮ ਦੇ ਨਾਮ ਪਰ ਖਰਚ ਕਰ ਕੇ ਬਾਕੀ ਮਾਇਆ ਪਵਿਤ੍ਰ ਨਹੀਂ ਹੋ ਸਕਦੀ।

ਮੈਨੂੰ ਯਾਦ ਹੈ ਇਕ ਵੇਰ ਇਕ ਸ਼ਹਿਰ ਦੀ ਸਿੰਘ ਸਭਾ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਪਰ ਇਕ ਸੌ ਇਕਵੰਜਾ ਰੁਪਏ ਜੇਲ੍ਹ ਚੋਂ ਕੈਦੀ ਸਿਖਾਂ ਵਲੋਂ ਪ੍ਰਸ਼ਾਦ ਲਈ ਆਏ ਸਨ। ਮੈਂ ਖ਼ਿਆਲ ਕਰਦਾ ਸਾਂ ਕਿ ਜੋ ਸਿਖ ਗੁਰੂ ਪਰ ਵਿਸ਼ਵਾਸ ਰਖਦੇ ਹਨ ਉਹ ਜੇਲ੍ਹ ਕਿਵੇਂ ਚਲੇ ਗਏ, ਜੇਲ੍ਹ ਤਾਂ ਉਹ ਜਾਂਦਾ ਹੈ ਜੋ ਕੁਟ-ਮਾਰ, ਕਤਲ, ਚੋਰੀ ਆਦਿ ਕਰੇ। ਇਹ ਕੰਮ ਤਾਂ ਗੁਰੂ-ਆਸ਼ੇ ਦੇ ਵਿਰੁਧ ਹੈ। ਇਸ ਪ੍ਰਸ਼ਾਦ ਨੂੰ ਗੁਰੂ ਸਾਹਿਬ ਕਿਵੇਂ ਪ੍ਰਵਾਨ ਕਰਨਗੇ! ਕੀ ਗੁਰੂ ਘਰ ਵਿਚ ਵੀ ਰਿਸ਼ਵਤ ਚਲਦੀ ਹੈ? ਹਰਗਿਜ਼ ਨਹੀਂ। ਸੋ ਪਤਾ ਨਹੀਂ ਗਰੀਬਾਂ ਦਾ ਹੱਕ ਮਾਰਨ ਅਤੇ ਪਾਪ ਦੀ ਕਮਾਈ ਕਰਨ ਵਾਲੇ ਇਸ ਵਾਕ ਨੂੰ ਕਿਵੇਂ ਭੁਲ ਗਏ ਹਨ—

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (ਪੰਨਾ ੧੪੧)

ਗੁਰੂ ਸਾਹਿਬ ਦੇ ਉਕਤ ਖਿਆਲ ਅਨਸਾਰ ਜੇ ਪਰਾਇਆ ਹੱਕ, ਜੋ ਗਊ ਦੇ ਮਾਸ ਸਮਾਨ ਹੈ ਤਾਂ ਉਸ ਵਿਚੋਂ ਕੜਾਹ ਪ੍ਰਸ਼ਾਦ ਕਿਵੇਂ ਪਰਵਾਨ ਹੋ ਸਕਦਾ ਹੈ?

(੨)

ਦੂਜੀ ਗੱਲ ਇਹ ਹੈ ਕਿ ਪਰਸ਼ਾਦ ਤਿਆਰ ਕਰਨ ਸਮੇਂ ਪਵਿਤ੍ਰਤਾ ਦਾ ਖਿਆਲ ਘਟ ਰਖਿਆ ਜਾਂਦਾ ਅਤੇ ਇਸ ਬਾਰੇ ਤਨਖਾਹ-ਨਾਮਾ ਭਾਈ ਨੰਦ ਲਾਲ ਵਿਚ ਆਏ ਹੇਠ ਲਿਖੇ ਅਸੂਲ ਕੋਈ ਵਿਰਲਾ ਸਿਖ ਵਰਤੋਂ ਵਿਚ ਲਿਆਉਂਦਾ ਹੈ।

ਯਥਾ—ਕੜਾਹ ਪ੍ਰਸ਼ਾਦ ਕੀ ਬਿਧ ਸੁਨ ਲੀਜੈ: ਤੀਨ ਭਾਗ ਕੋ ਸਮਸਰ ਕੀਜੈ॥
ਲੇਪਨ ਆਗੈ ਬਹੁਕਰ ਦੀਜੈ॥ ਮਾਜਨ ਕਰ ਭਾਂਡਨ ਧੋਵੀਜੈ॥
ਕਰ ਇਸ਼ਨਾਨ ਪਵਿਤ੍ਰ ਹੋਇ ਬਹੈ॥ ਵਾਹਿਗੁਰੂ ਬਿਨ ਅਵੱਰ ਨਾ ਕਹੈ॥
ਕਰ ਤਿਆਰ ਚੌਕੀ ਪਰ ਧਰੈ॥ ਤੀਨ ਓਰ ਕੀਰਤਨ ਬਹੈ ਕਰੈ॥
ਅਥਵਾ॥ ਪਾਵਨ ਤਨ ਪਾਵਨ ਕਰ ਥਾਨ॥ ਘ੍ਰਿਤ ਮੈਦਾ ਲੇ ਖੰਡ ਸਮਾਨ॥
ਕਰ ਕੜਾਹ ਪ੍ਰਸ਼ਾਦ ਸੁਠਾਨੈ॥ ਗੁਰ ਪ੍ਰਸਾਦ ਅਰਦਾਸ ਬਖਾਨੈ॥

ਇਸ ਸਮੇਂ ਵਡੇ ਵਡੇ ਘਰਾਂ ਵਿਚ ਵਿਆਹ ਸ਼ਾਦੀਆਂ ਸਮੇਂ ਕੜਾਹ ਪ੍ਰਸ਼ਾਦ ਮਹਿਰੇ ਤਿਆਰ ਕਰਦੇ ਹਨ, ਜੋ ਰਹਿਣੀ ਬਹਿਣੀ ਛਡ ਕੇ ਗੁਰੂ ਘਰ ਦੇ ਮੰਨਣ ਵਾਲੇ ਜਾਂ ਕੇਸਾਧਾਰੀ ਵੀ ਨਹੀਂ ਹੁੰਦੇ। ਲੋਕਾਂ ਦੀ ਖੁਸ਼ੀ ਅਤੇ ਸਵਾਦ ਲਈ ਪ੍ਰਸ਼ਾਦ ਵਿਚ ਰਸ, ਗਿਰੀ, ਪਿਸਤਾ ਅਤੇ ਬਦਾਮ ਆਦਿ ਚੀਜ਼ਾਂ ਪਾਈਆਂ ਜਾਂਦੀਆਂ ਹਨ ਅਤੇ ਘਿਉ ਖੰਡ ਆਟੇ ਦਾ ਇਕ ਜੈਸਾ ਹੋਣਾ ਜ਼ਰੂਰੀ ਨਹੀਂ ਸਮਝਿਆ ਜਾਂਦਾ, ਜੋ ਗੁਰਮਤਿ ਦੇ ਵਿਰੁਧ ਹੈ।

ਗੁਰੂ ਘਰ ਦੇ ਸੇਵਾਦਾਰ ਅੰਮ੍ਰਿਤਧਾਰੀ ਬਹੁਤ ਘਟ ਦੇਖਣ ਵਿਚ ਆਉਂਦੇ ਹਨ, ਨਾ ਹੀ ਉਹ ਬਾਣੀ ਪੜ੍ਹਦੇ ਹੋਏ ਮਰਯਾਦਾ ਨਾਲ ਦੇਗ ਤਿਆਰ ਕਰਦੇ ਹਨ। ਮੈਨੂੰ ਯਾਦ ਹੈ ਇਕ ਗੁਰਦਆਰੇ ਦੇ ਸੇਵਾਦਾਰ ਨੇ ਆਪਣੀ ਜ਼ਬਾਨੀ ਮੰਨਿਆ ਸੀ ਕਿ ਮੈਂ ਪ੍ਰਸ਼ਾਦ ਤਿਆਰ ਕਰ ਕੇ ਇਕ ਛੰਨਾ ਆਪਣੇ ਵਾਸਤੇ ਰਖ ਕੇ ਬਾਕੀ



www.AKJ.Org

ਗੁਰਦੁਆਰੇ ਲੈ ਜਾਂਦਾ ਹਾਂ। ਇਸ ਬਜਰ ਭੁਲ ਬਦਲੇ ਜੋ ਸਜ਼ਾ ਉਸ ਨੂੰ ਕੁਦਰਤ ਵਲੋਂ ਮਿਲੀ ਸੀ, ਉਹ ਵੀ ਅੱਖਾਂ ਨਾਲ ਵੇਖੀ ਸੀ। ਸੋ ਮੈਨੂੰ ਤਾਂ ਐਸਾ ਪ੍ਰਤੀਤ ਹੋ ਰਿਹਾ ਹੈ ਕਿ ਪ੍ਰਸ਼ਾਦ ਬਾਰੇ ਦਿਨ-ਬ-ਦਿਨ ਲੋਕਾਂ ਵਿਚ ਸਰਧਾ ਘਟ ਰਹੀ ਹੈ। ਗੁਰਦਵਾਰਿਆਂ ਦੇ ਪ੍ਰਬੰਧਕ ਅਪੀਲਾਂ ਕਰ ਕਰ ਕੇ ਹਜ਼ਾਰਾਂ ਰੁਪੈ ਸੰਗਤਾਂ ਪਾਸੋਂ ਪ੍ਰਸ਼ਾਦ ਲਈ ਕੱਠੇ ਕਰਦੇ ਹਨ, ਪਰ ਉਹ ਸਾਰਾ ਰੁਪਿਆ ਹੋਰ ਕੰਮਾਂ ਪਰ ਖਰਚ ਹੋਂਦਾ ਹੈ। ਪ੍ਰਸ਼ਾਦ ਬਹੁਤੀ ਥਾਈਂ ਡਾਲਡੇ (ਬਨਾਸਪਤੀ ਘਿਉ) ਦਾ ਹੋਂਦਾ ਹੈ। ਬਚਤ ਦਾ ਖਿਆਲ ਤਾਂ ਰਖਿਆ ਜਾਂਦਾ ਹੈ, ਮਗਰ ਮਰਯਾਦਾ ਦੀ ਪ੍ਰਵਾਹ ਨਹੀਂ ਕੀਤੀ ਜਾਂਦੀ।.....*

(੩)

ਤੀਜੀ ਗਲ ਜੋ ਪ੍ਰਸ਼ਾਦ ਵਰਤਾਉਣ ਸਬੰਧੀ ਵੇਖਣ ਵਿਚ ਆਉਂਦੀ ਹੈ, ਉਹ ਵੀ ਗੁਰਮਤਿ ਦੇ ਵਿਰੁਧ ਹੈ। ਜਿਸ ਦੇਗ ਦਾ ਗੁਰੂ ਦੀ ਹਜ਼ੂਰੀ ਵਿਚ ਅਰਦਾਸਾ ਹੋ ਜਾਵੇ ਉਸ ਵਿਚੋਂ ਭੋਗ ਲਾਉਣ ਦੇ ਖ਼ਿਆਲ ਨਾਲ ਕੌਲ ਭਰ ਕੇ ਪੀਹੜੇ ਹੇਠ ਰਖਣਾ ਠੀਕ ਨਹੀਂ। ਪਰਵਾਨ ਤਾਂ ਅਰਦਾਸੇ ਸਮੇਂ ਸਾਰੀ ਦੇਗ ਹੋ ਚੁਕੀ ਹੈ, ਕਿਉਂਕਿ ਉਹ ਮਹਾਰਾਜ ਦੀ ਹਜ਼ੂਰੀ ਵਿਚ ਮੌਜੂਦ ਹੈ। ਪੀਹੜੇ ਹੇਠਾਂ ਤਾਬਿਆ ਬੈਠੇ ਚੌਰ ਬਰਦਾਰ ਸਿੰਘ ਲਈ ਗਫਾ ਰਖਿਆ ਜਾਵੇ, ਜੋ ਉਠਣ ਸਮੇਂ ਲੈ ਲਵੇ, ਇਹ ਤਾਂ ਠੀਕ ਹੈ, ਪਰ ਨਾਨਕ ਬਾਟੇ ਦੇ ਨਾਮ ਪਰ ਲਾਲਚ ਕਰਨਾ ਜਾਂ ਗੁਰੂ ਸਾਹਿਬ ਦਾ ਹਿਸਾ ਦੋਹਰਾ ਦੇਣਾ, ਇਹ ਠੀਕ ਨਹੀਂ।

ਜਿਵੇਂ ਪ੍ਰਸ਼ਾਦ ਤਿਆਰ ਕਰਨ ਸਮੇ ਪਵਿਤ੍ਰਤਾ ਦੀ ਲੋੜ ਹੈ, ਇਸੇ ਤਰ੍ਹਾਂ ਵਰਤਾਉਣ ਲਈ ਵੀ ਜ਼ਰੂਰੀ ਹੈ ਕਿ ਤਿਆਰ-ਬਰ-ਤਿਆਰ ਸਿੰਘ, ਜਿਸਨੇ ਇਸ਼ਨਾਨ ਜ਼ਰੂਰੀ ਕੀਤਾ ਹੋਵੇ, ਪ੍ਰਸ਼ਾਦ ਵਰਤਾਵੇ ਅਤੇ ਘਟ ਵਧ ਨਾ ਦੇਵੇ। ਲੈਣ ਵਾਲੇ ਸਤਿ-ਸੰਗੀ ਵੀ ਗੁਰੂ ਕਾ ਪ੍ਰਸ਼ਾਦ ਜਾਣ ਕੇ ਅਦਬ ਨਾਲ ਕੁਣਕਾ ਲੈ ਕੇ ਮੂੰਹ ਲਾਵਣ। ਪ੍ਰਸ਼ਾਦ ਵਰਤਣ ਸਮੇਂ ਖੱਪ ਪਾਉਣੀ, ਇਕ ਦੂਜੇ ਤੇ ਡਿੱਗਣਾ, ਦੋਹਰੀ ਵੇਰ ਲੈਣਾ ਅਤੇ ਜੀਭ ਦਾ ਸਵਾਦ ਜਾਣ ਕੇ ਲਾਲਚ ਕਰਨਾ ਗੁਰਮਤਿ ਦੇ ਵਿਰੁਧ ਹੈ।

ਸੋ ਜੇ ਅਸੀਂ ਸਮਝਦੇ ਹਾਂ ਕਿ ਇਸ ਮਰਯਾਦਾ ਦਾ ਗੁਰੂ ਆਸ਼ੇ ਅਨੁਸਾਰ ਕਾਇਮ ਰਹਿਣਾ ਜ਼ਰੂਰੀ ਹੈ ਤਾਂ ਹਰ ਇਕ ਸਿਖ ਅਤੇ ਖਾਸ ਕਰਕੇ ਸਭਾ ਸੁਸਾਇਟੀਆਂ ਨੂੰ ਉਕਤ ਵੀਚਾਰ ਵਲ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਆਮ ਤੌਰ ਤੇ ਸਾਡੇ ਦਿਲ ਤੰਗ ਹੋਂਦੇ ਹਨ ਅਤੇ ਅਸੀਂ ਗੁਰਦਵਾਰਿਆਂ ਦੇ ਪਰਬੰਧਕ ਬਣ ਕੇ, ਓਥੇ ਵੀ ਓਹੀ ਤੰਗ-ਦਿਲੀ ਅਤੇ ਕੰਜੂਸੀ ਵਰਤਦੇ ਹਾਂ, ਮਰਯਾਦਾ ਦਾ ਖਿਆਲ ਨਹੀਂ ਕਰਦੇ। ਗੁਰੂ ਅਮਰ ਦਾਸ ਜੀ ਸ਼ਾਮ ਨੂੰ ਲੰਗਰ ਦੇ ਬਰਤਨ ਮੂਧੇ ਮਾਰ ਦਿੰਦੇ ਸਨ। ਸਾਡੇ ਲਖਾਂ ਰੁਪਏ ਗੁਰੂ ਦੇ ਨਾਮ ਪਰ ਕੱਠੇ ਹੋਂਦੇ ਰਹੇ, ਪਰ ਕੌਮ ਦੇ ਕਿਸੇ ਕੰਮ ਨਾ ਆਏ। ਧਰਮ-ਫੰਡਾਂ ਲਈ ਰੁਪਿਆ ਜਮ੍ਹਾਂ ਤਾਂ ਬੇਸ਼ੱਕ ਹੋਵੇ, ਪਰ ਮਰਯਾਦਾ ਦੀ ਉਲੰਘਣਾ ਕਰ ਕੇ ਕੱਠਾ ਕਰਨਾ ਠੀਕ ਨਹੀਂ। ਇਕ ਪ੍ਰਬੰਧਕ ਸਜਣ ਨੇ ਇਕ ਵੇਰ ਕਿਹਾ ਸੀ ਕਿ ਜੇਕਰ ਕੁਝ ਵੀ ਬਚਤ ਕਮੇਟੀ ਨੂੰ ਨਾ ਹੋਵੇ ਤਾਂ ਰੋਜ਼ਾਨਾ ਪ੍ਰਸ਼ਾਦ ਕਰਨ ਦੀ ਕੀ ਲੋੜ ਹੈ ? ਇਸ ਦਾ ਮਤਲਬ ਇਹ ਹੈ ਕਿ ਪੈਸਾ ਕੱਠਾ ਕਰਨਾ ਅਤੇ ਉਸ ਤੇ ਚੋਧਰ ਕਰਨੀ ਹੀ ਸਾਡਾ ਨਿਸ਼ਾਨਾ ਹੈ। ਸੋ ਕੌਮ ਨੇ ਅਗਰ ਇਸ ਪਵਿਤ੍ਰ ਮਰਯਾਦਾ ਨਾਲ ਇਹੀ ਵਤੀਰਾ ਰਖਿਆ ਤਾਂ ਇਸ ਦੀ ਮਹਾਨਤਾ ਅਤੇ ਸਤਿਕਾਰ ਖ਼ਤਮ ਹੋ ਜਾਵੇਗਾ। ਇਸ ਲਈ ਲੋੜ ਹੈ ਕਿ ਹਰ ਇਕ ਗੁਰਸਿਖ ਮਾਈ ਭਾਈ ਕੜਾਹ ਪ੍ਰਸ਼ਾਦ ਦੀ ਮਹੱਤਤਾ ਨੂੰ ਸਮਝਣ ਦੀ ਕੋਸ਼ਸ਼ ਕਰੇ।

---

*ਅਗੇ ਪੌਣਾ ਸਫ਼ਾ ਕੜਾਹ ਪ੍ਰਸ਼ਾਦ ਚੋਂ ਰੁਪਿਆ ਕਮਾਣ ਦੇ ਲਾਲਚ ਨੂੰ ਮਨਮਤਿ ਦਰਸਾਇਆ ਹੈ।

---

**ਤਉ ਕਿਉ ਮੁਰਗੀ ਮਾਰੈ ?** ਇਸ ਗੁਰਮਤਿ ਵਿਚਾਰ ਵਾਲੇ ਟਰੈਕਟ ਵਿਚ ਮਾਸ ਖਾਣ ਬਾਰੇ ਸਭ ਦਲੀਲਾਂ ਤੇ ਸ਼ੰਕਿਆਂ ਨੂੰ ਗੁਰਬਾਣੀ, ਗੁਰਮਤਿ, ਤੇ ਇਤਿਹਾਸਕ ਹਵਾਲਿਆਂ ਨਾਲ ਸਪੱਸ਼ਟ ਕੀਤਾ ਗਿਆ ਹੈ। ਪੜ੍ਹੋ ਤੇ ਆਪਣੇ ਵਿਚਾਰ ਭੇਜੋ। ਸਫ਼ੇ ੬੮, ਭੇਟਾ ਪੰਜਾਹ ਪੈਸੇ, ਪਰਚਾਰ ਹਿਤ ਵੰਡਣ ਹਿਤ ਰਿਆਇਤ।

www.AKJ.Org

# ਮੀਰੀ ਪੀਰੀ ਦੋ ਤਲਵਾਰਾਂ

[ਵਲੋਂ-ਮਾਸਟਰ ਮਾਘ ਸਿੰਘ ਜੀ ਬੈਂਕੋਕ ਵਾਲੇ, ਸਮਾਧ ਭਾਈ, ਮੋਗਾ]

ਮੀਰੀ ਪੀਰੀ ਦੋ ਤਲਵਾਰਾਂ, ਰਾਜ ਯੋਗ ਦੀ ਉੱਚ ਨਿਸ਼ਾਨੀ।
ਦੋਨਾਂ ਜੋੜ ਅਨੋਖਾ ਜੁੜਿਆ, ਦੋਨੋਂ ਬਲੀ ਮਹਾਂ ਵਰ-ਦਾਨੀ।
ਦੋਵੇਂ ਸ਼ਕਤੀ, ਸ਼ਾਂਤੀ ਜੋੜੀ, ਦੋਨਾਂ ਦੀ ਦਿਲਚਸਪ ਕਹਾਨੀ।
ਦੋਵੇਂ ਮਿਲਣ ਤਾਂ ਅੰਮ੍ਰਿਤ ਸੋਮਾ, ਸੁਖ-ਜੀਵਨ ਸਤਿਜੁਗ ਪਛਾਨੀ।
ਦੋਵੇਂ ਮਿਲਣ ਤਾਂ ਭੈ ਨਹੀਂ ਰਹਿੰਦਾ, ਨਾ ਭੈ ਦੇਵੇ ਕਿਸੇ ਪਰਾਨੀ।
ਦੋਵੇਂ ਮਿਲਣ ਤਾਂ ਸੰਤ ਸਿਪਾਹੀ, ਰਚਨਾ ਦਲ ਸੇਵਕ ਨਿਹਕਾਮੀ।
ਦੋਵੇਂ ਮਨਫ਼ੀ ਮੁਜਬਤ ਤਾਰਾਂ, ਜੁੜ ਜਾਵਨ ਤਾਂ ਬਿਜਲੀ ਰਾਣੀ। [– +]
ਦੋਵੇਂ ਮਿਲਣ ਤਾਂ ਚਾਨਣ ਚਮਕੇ, ਨ੍ਹੇਰੇ ਦੀ ਨਾ ਰਹੇ ਨਿਸ਼ਾਨੀ।
ਠੰਢਕ, ਗਰਮੀ ਇਕੋ ਸੋਮਾ, ਹੀਟਰ, ਕੂਲਰ ਦੋਂਹ ਰਵਾਨੀ।
ਧੀਰਜ, ਗੁੱਸਾ ਵਧਣ ਨ ਦੇਵੇ, ਸਹਿਜ ਅਵਸਥਾ ਜੋਤਿ ਜਗਾਨੀ।
ਦੋਵੇਂ ਰਖਿਅਕ ਇਕ ਦੂਜੇ ਦੀ, ਦੋਵੇਂ ਜਗ-ਭਲਾਈ ਚਾਹਵਾਨੀ।
ਮੀਰੀ ਰਾਜ ਸ਼ਕਤੀ ਦੇ ਅੰਦਰ, ਪੀਰੀ ਜੋਤਿ ਜਗੇ ਲਾਸਾਨੀ।
ਪੀਰੀ ਧਰਮ ਛਤਰ ਦੀ ਛਾਇਆ, ਮੀਰੀ ਰਾਜ ਨ ਹੋਇ ਅਭਿਮਾਨੀ।
ਸੂਝ, ਬੂਝ ਦੋਵੇਂ ਸਮਦਰਸੀ, ਧਰਮ ਦੇ ਰਾਖੇ ਹੋਣ ਗਿਆਨੀ।

(੨)

ਮੀਰੀ ਪੀਰੀ ਜੋਤਿ ਜਗੀ ਅਜ, ਦਲ ਭੰਜਨ ਗੁਰ ਸੂਰਾ ਆਇਆ।
ਖੁਲ੍ਹੇ ਥਾਂ ਹਰਿਮੰਦਰ ਸਾਹਵੇਂ, ਤਖਤ ਅਕਾਲ ਨਿਸ਼ਾਨ ਝੁਲਾਇਆ।
ਇਕ ਪਾਸੇ ਮਨ ਸੋਧ ਸੁਧਾਈ, ਕਰ ਇਸ਼ਨਾਨ ਹਰਿ-ਕੀਰਤਨ ਗਾਇਆ।
ਦੂਜੇ ਪਾਸੇ ਮੱਲਾਂ ਖਾੜੇ, ਢਾਡੀ ਵਾਰਾਂ ਜੋਸ਼ ਵਧਾਇਆ।
ਇਕ ਪਾਸੇ ਨਿਸ਼ਕਾਮੀ ਸੇਵਾ, ਲੋਕ-ਭਲਾਈ ਪਾਠ ਪੜ੍ਹਾਇਆ।
ਦੂਜੇ ਪਾਸੇ ਸ਼ਸਤਰ-ਵਿਦਿਆ, ਯੋਧਾ ਸਿਖ ਬਲਕਾਰ ਬਣਾਇਆ।
ਪਾਪੀ ਆਪਣੇ ਪਾਪ ਤੋਂ ਡਰ, ਜਾਂ, ਕਿਲ੍ਹੇ ਗਵਾਲੀਅਰ ਗੁਰੂ ਬਠਾਇਆ।
ਹੋਣੀ ਦਾ ਅਹਿਸਾਸ ਇਹ ਵੇਖੋ, ਰਾਜ ਬਵੰਜਾ ਬੰਧ ਤੁੜਾਇਆ।
ਜਹਾਂਗੀਰ ਨੂੰ ਸਮਝ ਆਈ ਜਾਂ, ਕੁਝ ਸਮਾਂ ਸੀ ਸ਼ਾਂਤ ਲੰਘਾਇਆ।
ਸ਼ਾਹ ਜਹਾਨ ਪਰ ਤਖ਼ਤ ਤੇ ਬਹਿ ਕੇ, ਨਾਲ ਗੁਰੂ ਮੁੜ ਵਾਦ ਵਧਾਇਆ।
ਏਧਰ ਸਿਖ ਵੀ ਤਿਆਰ ਸੀ ਪੂਰਾ, ਚਾਰ ਜੰਗਾਂ ਵਿਚ ਮੂੰਹ ਭਵਾਇਆ।
ਪੈਂਦੇ ਜਿਹੇ ਹੰਕਾਰੀ ਸੋਧੇ, ਸਹਿਮਿਆ ਹਿੰਦੀ ਸ਼ੇਰ ਬਣਾਇਆ।
ਮੀਰੀ ਪੀਰੀ ਝੰਡੇ ਝੂਲਦੇ, ਕੀਰਤਪੁਰ ਦਾ ਨਗਰ ਵਸਾਇਆ।
ਵਾਧੂ ਛੱਟ ਜ਼ੁਲਮ ਦੀ ਲਾਹ ਕੇ, ਰਾਜ ਯੋਗ ਰਾਹ ਪਿਆਰ ਬਣਾਇਆ।

---

**ਚਿਟ ਨੰਬਰ—** ਅਸੀਂ ਹਰ ਮਹੀਨੇ ਆਪ ਦੇ ਹਰੇਕ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਆਪ ਦਾ ਚਿਟ ਨੰਬਰ ਲਿਖ ਕੇ ਭੇਜਦੇ ਹਾਂ। ਤੁਸੀਂ ਚਿਠੀ ਪੱਤਰ ਜਾਂ ਮਨੀਆਰਡਰ ਭੇਜਣ ਲਗਿਆਂ ਆਪਣਾ ਇਹ ਚਿਟ ਨੰਬਰ ਜ਼ਰੂਰ ਲਿਖ ਕੇ ਭੇਜੋ।



www.AKJ.Org

# ਸ਼ਹਿਨਸ਼ਾਹ ਤੂੰ ਮੀਰੀ ਦਾ ਪੀਰ ਵਡਾ

[ਵਲੋਂ-ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)]

ਚੋਜੀ ਪਾਤਸ਼ਾਹ ਸੋਢੀ ਸਿਰਮੌਰ ਸਤਿਗੁਰ, ਵਰਨਾਂ ਕਿਵੇਂ ਉਸਤਤ ਬੇਮਿਸਾਲ ਤੇਰੀ।
ਸੀਸ ਨਾਲ ਸਤਿਕਾਰ ਦੇ ਝੁਕ ਜਾਵੇ, ਸੂਰਤ ਆਏ ਜਦ ਵਿਚ ਖਿਆਲ ਤੇਰੀ।
ਸੀਸ ਜਿਗਾ ਕਲਗੀ, ਹਥ ਤੇ ਬਾਜ ਸੋਹੇ, ਲੀਲ੍ਹਾ ਅਜਬ ਹੈ ਗੰਗਾ ਦੇ ਲਾਲ ਤੇਰੀ।
ਸ਼ਹਿਨਸ਼ਾਹ ਤੂੰ ਮੀਰੀ ਦਾ ਪੀਰ ਵਡਾ, ਵਿਦਤ ਹੋਈ ਕਰਣੀ ਵਾਹ! ਕਮਾਲ ਤੇਰੀ।
    ਰੂਪ ਰੇਖਾ ਸਮਾਜ ਦੀ ਨਵੇਂ ਸਿਰਿਓਂ, ਘੜ ਕੇ ਬਦਲਿਆ ਰੀਤਾਂ ਪੁਰਾਣੀਆਂ ਨੂੰ।
    ਸੁੱਤੇ ਹੋਏ ਜਗਾ ਕੇ ਬੀਰਤਾ ਦੀ, ਦਿਤੀ ਪਾਣ ਪੰਜਾਬ ਦੇ ਪਾਣੀਆਂ ਨੂੰ।
ਹੱਥ ਮਾਲਾ ਦੇ ਨਾਲ ਤਲਵਾਰ ਪਹਿਨੀ, ਦਾਤਾ! ਸਮੇਂ ਦੀ ਨਬਜ਼ ਪਛਾਣ ਤੈਂ ਨੇ।
ਭਗਤੀ ਨਾਲ ਸ਼ਕਤੀ ਦੀ ਬੁਨਿਆਦ ਰਖੀ, ਸਮਾਂ ਬਦਲਿਆ ਭਵਿੱਖ ਲਈ ਜਾਣ ਤੈਂ ਨੇ।
ਸ਼ਾਹੀ ਠਾਠ ਦਾ 'ਤਖ਼ਤ ਅਕਾਲ' ਰਚਿਆ, ਜਿਥੇ ਬੈਠ ਕੇ ਲਿਖੇ ਫ਼ੁਰਮਾਨ ਤੈਂ ਨੇ।
ਲੈ ਕੇ ਭੇਟ ਘੋੜੇ ਸ਼ਸਤ੍ਰ ਅਸਤ੍ਰਾਂ ਦੀ, ਕੀਤੀ ਸਿੱਖਾਂ ਤੇ ਖ਼ੁਸ਼ੀ ਮਹਾਨ ਤੈਂ ਨੇ।
    ਇਕ ਹਥ ਸਿਮਰਨਾ ਦੂਜੇ ਵਿਚ ਸਾਰ-ਪੁਤਰੀ, ਦੇ ਕੇ ਸੇਵਕਾਂ ਤਾਈਂ ਨਿਵਾਜਿਆ ਤੈਂ।
    ਭਰ ਕੇ ਬੀਰਤਾ ਸਿਖਾਂ ਵਿਚ ਸਿਰ-ਲਥਾਂ ਦੀ, ਸੋਹਣਾ ਨਵਾਂ ਸਮਾਜ ਇਕ ਸਾਜਿਆ ਤੈਂ।
'ਹਰਿ ਗੋਬਿੰਦ ਪੁਰ' ਦੀ ਚੱਠ ਯਾਦ ਸਭ ਨੂੰ, ਸੇਵਕ ਸੂਰਿਆਂ ਜਿਥੇ ਕਮਾਲ ਕੀਤਾ।
ਦੰਦ ਭੰਨ ਦਿਤੇ ਜ਼ੁਲਮ-ਹਾਮੀਆਂ ਦੇ, ਜੋ ਸਲੂਕ ਸੀ ਜਾਬਰਾਂ ਨਾਲ ਕੀਤਾ।
'ਅਬਦੁਲ ਖ਼ਾਨ' ਦੀ ਫੌਜ ਨੂੰ ਪਾਈ ਭਾਜੜ, ਪੁਤ-ਪਠਣੱਕਿਆਂ ਦਾ ਬੁਰਾ ਹਾਲ ਕੀਤਾ।
ਚਰਨ ਸ਼ਰਨ ਤੇਰੀ ਅੰਦਰ ਆ ਗਿਆ ਜੋ, ਨਜ਼ਰ ਮਿਹਰ ਦੀ ਨਾਲ ਨਿਹਾਲ ਕੀਤਾ।
    ਬੂਟਾ ਪਿਤਾ ਨੇ ਸਿੰਜਿਆ ਖ਼ੂਨ ਪਾ ਕੇ, ਬਣ ਸਪੂਤ ਤੈਂ ਨੇ ਉਸ ਨੂੰ ਪਾਲਿਆ ਏ।
    ਗੁਰੂ ਨਾਨਕ ਦੇ ਸੋਹਣੇ ਗੁਲਜ਼ਾਰ ਤਾਈਂ, ਦੇ ਕੇ ਹੱਥ ਪਤਝੜ ਤੋਂ ਬਚਾ ਲਿਆ ਏ।
ਭਾਰਤ ਦੇਸ਼ ਦੇ ਸੋਹਣੇ ਇਤਿਹਾਸ ਅੰਦਰ, ਚਮਕ ਰਹੀ ਏ ਅਣਖ ਤੇ ਸ਼ਾਨ ਤੇਰੀ।
ਜਾਗ ਪੈਂਦੀਆਂ ਸੁਤੀਆਂ ਆਤਮਾਵਾਂ, ਵੀਰ ਯੋਧਿਆ! ਸੁਣ ਦਾਸਤਾਨ ਤੇਰੀ।
ਧਾਂਕ ਪੈ ਗਈ ਤੇਰੀ ਬਹਾਦਰੀ ਦੀ, ਉਸਤਤ ਗਾਂਵਦਾ ਕੁਲ ਜਹਾਨ ਤੇਰੀ।
ਦੇਸ਼ ਸ਼ੋਭਾ ਨੂੰ ਚਾਰ ਚੰਨ ਲਾ ਗਈ ਏ, ਵਰਤੀ ਹੋਈ ਸਿਆਸਤ ਮਹਾਨ ਤੇਰੀ।
    ਜਦੋਂ ਤੀਕ ਕਾਇਮ ਸੂਰਜ ਚੰਨ ਤਾਰੇ, ਅਤੇ ਕਾਇਮ ਕੁਦਰਤੀ ਨਜ਼ਾਮ ਰਹਿਸੀ।
    ਹਰ ਇਕ ਭਾਰਤੀ ਸੀਸ ਨਿਵਾਇ 'ਮਿੱਤਰ', ਕਰਦਾ ਸਦਾ ਈ ਤੈਨੂੰ ਪਰਨਾਮ ਰਹਿਸੀ।

---


# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ | ੦-੩੫ |
| ਸਬਦੁ ਗੁਰ ਪੀਰਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਸਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | | |


www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

(ਕੈਪਟਿਨ ਸਵਰਨ ਸਿੰਘ ਜੀ ਘੜਿਆਲਾ)

> ਕਾਜ਼ੀ ਨੂਰ ਮੁਹੰਮਦ ਦੇ ਲਿਖੇ ਫ਼ਾਰਸੀ "ਜੰਗਨਾਮੇ" ਦੇ ਅਧਾਰ ਤੇ ਪਿਛਲੇ ਪਰਚਿਆਂ ਵਿਚ ਲੇਖ ਛਪੇ ਹਨ। ਇਸ ਲੇਖ ਵਿਚ ਸਾਡੇ ਵਿਦਵਾਨ ਲੇਖਕ ਨੇ ਕਾਜ਼ੀ ਸਾਹਿਬ ਦੀ ਤੁਅੱਸਬੀ ਲਿਖਤ ਨੂੰ ਚੰਗੀ ਤਰ੍ਹਾਂ ਘੋਖ ਪਰਖ ਕੇ ਆਪਣੀ ਟਿਪਣੀ ਦਿਤੀ ਹੈ, ਜੋ ਬੜੀ ਦਿਲਚਸਪ ਤੇ ਸੁਆਦਲੀ ਹੈ।
>
> —ਸੰਪਾਦਕ

ਕਾਜ਼ੀ ਜੀ ਲਿਖਦੇ ਹਨ ਕਿ ਸ਼ਾਹ ਨਾ-ਚਾਰ ਹੋ ਕੇ ਲਾਹੌਰ ਨੂੰ ਮੁੜ ਪਿਆ :—

"ਬਹਿ ਨਾਚਾਰ ਸ਼ਾਹਿਜਹਾਂ ਬਾਜ਼ ਗਸ਼ਤ।
ਬਿਫ਼ਤਹ ਵ ਜ਼ਫ਼ਰ ਸ਼ਾਹਿ ਦਮਸਾਜ਼ ਗਸ਼ਤ॥"

ਨਾਚਾਰ ਸਿਰਫ਼ ਇਸ ਗੱਲੋਂ ਕਿ ਸ਼ਾਹ ਆਇਆ ਤਾਂ ਸਿੱਖਾਂ ਨੂੰ ਕਤਲ ਕਰਨ ਸੀ, ਪਰ ਅੱਗੋਂ ਸਿੱਖ ਲੱਭੇ ਨਹੀਂ। ਸਿਰਫ਼ ੩੦ ਸਿੱਖ ਹੀ ਉਹ ਸ਼ਹੀਦ ਕਰ ਸਕਿਆ। ਨਾਚਾਰਗੀ ਹੈ ਸ਼ਾਹ ਦੀ।

ਅਸਲੀਅਤ ਤਕ ਅਪੜਨ ਲਈ ਇਥੇ ਕੁਝ ਤੱਥਾਂ ਨੂੰ ਵਾਚਣ ਦੀ ਲੋੜ ਹੈ, ਜੋ ਕਾਜ਼ੀ ਜੀ ਨੇ ਸੁਤੇ ਸਿਧ ਹੀ ਲਿਖ ਦਿੱਤੇ ਹਨ। ਕਰਤਾ ਮੰਨਦਾ ਹੈ ਕਿ ਨਸੀਰ ਖ਼ਾਨ ਉਸ ਨੂੰ ਨਾਲ ਇਸ ਲਈ ਲਿਆਇਆ ਹੈ ਕਿ ਇਸ ਮੁਹਿੰਮ ਵਿੱਚ ਉਹਨਾਂ ਦੀ ਬਹਾਦਰੀ ਦੀ ਵਾਰ ਲਿਖੀ ਜਾਵੇ। ਕਾਜ਼ੀ ਜੀ ਨੂੰ ਵੀ ਇਸ ਸੌਦੇ ਵੱਟੇ ਵਿਚ ਡੇਰਿਆਂ ਜਾਂ ਸ਼ਿਕਾਰਪੁਰ ਦੀ ਕਾਜ਼ੀ-ਗਿਰੀ ਦਾ ਅਹੁਦਾ ਲੈਣ ਲਈ ਨਸੀਰ ਖਾਨ ਤੋਂ ਹਾਂ ਕਰਵਾਈ ਹੈ ਕਿ ਉਸ ਨੂੰ ਮੁੜਦਿਆਂ ਸਾਰ ਇਹ ਪਦਵੀ ਦੇ ਦਿੱਤੀ ਜਾਵੇਗੀ। ਕਰਤਾ ਨੇ ਮਾਲਕ ਨੂੰ ਖ਼ੁਸ਼ ਕਰਨਾ ਹੈ। ਇਹ ਬਲੋਚਾਂ ਅਤੇ ਅਫ਼ਗਾਨਾਂ ਦੀਆਂ ਅੱਤ ਕਥਨੀ ਦੀ ਹਦ ਤਕ ਸਿਫਤਾਂ ਕਰੀ ਜਾਂਦਾ ਹੈ। ਉਹਨਾਂ ਦੀਆਂ ਕਮਜ਼ੋਰੀਆਂ ਅਤੇ ਬੁਜ਼ਦਿਲੀ ਨੂੰ ਵੀ ਬਹਾਦਰੀ ਦਾ ਰੰਗ ਦੇ ਕੇ ਪੇਸ਼ ਕਰਦਾ ਹੈ। ਕਾਜ਼ੀ ਜੀ ਪੂਰੀ ਕੋਸ਼ਿਸ਼ ਕਰਦੇ ਹਨ ਕਿ ਆਪਣੇ ਤੁਅੱਸਬ, ਤੰਗ-ਦਿਲੀ, ਪੱਖ-ਪਾਤ ਅਤੇ ਦਰੋਗ-ਗੋਈ (ਗਲਤ-ਬਿਆਨੀ) ਦੇ ਕਾਲੇ ਕੰਬਲ ਥੱਲੇ ਸਿੱਖਾਂ ਬਾਰੇ ਅਸਲੀਅਤ, ਸੱਚ ਅਤੇ ਉਹਨਾਂ ਦੀ ਬੇ-ਮਿਸਾਲ ਬਹਾਦਰੀ ਅਤੇ ਦੇਸ਼ ਧਰਮ ਲਈ ਕੁਰਬਾਨੀ ਦੇ ਜਜ਼ਬੇ ਨੂੰ ਦਬਾ ਦੇਵੇ। ਉਹ ਮਾਲਕਾਂ ਨੂੰ ਕਿਵੇਂ ਖ਼ੁਸ਼ ਕਰ ਸਕਦਾ ਹੈ, ਜੇ ਉਹਨਾਂ ਨੂੰ ਸਿੰਘਾਂ ਹੱਥੋਂ ਪੈਂਦੀ ਮਾਰ ਅਤੇ ਰਣ-ਤੱਤੇ ਵਿੱਚ ਸਿੰਘਾਂ ਦੀ ਬਹਾਦਰੀ ਤੇ ਨਿੱਡਰਤਾ ਨੂੰ ਸਹੀ ਸਹੀ ਲਿਖ ਦੇਵੇ। ਉਸ ਦੀ ਕੋਸ਼ਿਸ਼ ਹੈ ਕਿ ਕਿਸੇ ਪਾਸਿਓਂ ਵੀ ਕੋਈ ਝੀਤ ਜਾਂ ਤਰੇੜ ਨਾ ਰਹਿ ਜਾਵੇ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ। ਸੱਚ ਸੌ ਪੜਦੇ ਪੜ ਕੇ ਵੀ ਬਾਹਰ ਆ ਜਾਂਦਾ ਹੈ। ਸੂਝਵਾਨ ਪਾਠਕ ਜ਼ਰਾ ਠੰਢੇ ਦਿਲ ਨਾਲ ਨਿਰਪੱਖ ਹੋ ਕੇ ਸੱਚ ਦੀ ਤਸਵੀਰ ਵੇਖਣ।

ਅਹਿਮਦ ਸ਼ਾਹ ਸਿੱਖਾਂ ਵਿਰੁੱਧ ਇਸਲਾਮੀ ਜਹਾਦ ਕਰਨ ਲਈ ਅਤੇ ਉਹਨਾਂ ਦਾ ਸਫ਼ਾ-ਏ-ਹਸਤੀ ਤੋਂ ਖੁਰਾ-ਖੋਜ ਮਿਟਾ ਦੇਣ ਲਈ ਆਇਆ ਹੈ। ਤੇ ਨਿਰਸੰਦੇਹ ਪੂਰੀ ਪੂਰੀ ਤਿਆਰੀ ਨਾਲ ਆਇਆ ਹੈ। ਪਿਆਰੇ ਪਾਠਕ ਜੀ, ਇਹ ਉਹ ਅਹਿਮਦ ਸ਼ਾਹ ਅਬਦਾਲੀ ਹੈ ਜੋ ਪਾਨੀਪੱਤ ਦੀ ਤੀਜੀ ਲੜਾਈ (੧੪ ਜਨਵਰੀ ੧੭੬੧) ਤੋਂ ਪਹਿਲਾਂ ਜਦ ਫੌਜਾਂ ਆਹਮੋ ਸਾਹਮਣੇ ਮੈਦਾਨ ਵਿਚ ਮੋਰਚੇ ਮੱਲੀ ਬੈਠੀਆਂ ਸਨ, ਹਰ ਰੋਜ਼ ਘੋੜੇ ਉਤੇ ਸਵਾਰ ਹੋ ਕੇ ੪੬ ਮੀਲ ਦਾ ਚੱਕਰ ਲਾ ਕੇ ਆਪਣੀਆਂ ਸਾਰੀਆਂ ਮੂਹਰਲੀਆਂ ਚੌਕੀਆਂ ਵੇਖ ਆਇਆ ਕਰਦਾ ਸੀ। ਲੜਾਈ ਹੋਣ ਤੋਂ ਪਹਿਲਾਂ ਇਹ ਇਸ ਦਾ ਰੋਜ਼ ਦਾ ਕੰਮ ਸੀ। ਇਹ ਉਹੋ ਅਹਿਮਦ ਸ਼ਾਹ ਹੈ ਜੋ ਵੱਡੇ ਘੱਲੂ-ਘਾਰੇ ਸਮੇਂ ਸੰਮਤ ੧੮੧੮ ਬਿਕਰਮੀ (੫ ਫਰਵਰੀ ੧੭੬੨ ਈ:) ਵਿੱਚ ਲਾਹੌਰੋਂ ਚੜ੍ਹ ਕੇ ਦੋ ਰਾਤਾਂ ਵਿੱਚ ਦੋ ਦਰਿਆ ਟੱਪ ਕੇ ਸੈਂਕੜੇ ਕੋਹ ਪੰਧ ਮੁਕਾ ਕੇ ਤੀਜੇ ਦਿਨ ਸਵੇਰੇ ਹੀ ਕੁਪ ਰਹੀੜੇ ਪਾਸ



www.AKJ.Org

ਖਾਲਸਾ ਜੀ ਉੱਤੇ ਜਾ ਕੜਕਿਆ ਸੀ।

ਆਇਆ ਹੈ ਸਿੱਖਾਂ ਨੂੰ ਨੇਸਤੋ ਨਾਬੂਦ ਕਰਨ। ਲਾਹੌਰ ਦਰਬਾਰ ਲਾ ਕੇ ਡੀਂਗਾਂ ਮਾਰਦਾ ਹੈ ਕਿ ਸਿੱਖ ਕਿਧਰੇ ਨਜ਼ਰ ਹੀ ਨਹੀਂ ਆਉਂਦੇ। ਤੇ ਅਗਲੇ ਦਿਨ ਹੀ ਸਰਦਾਰ ਚੜ੍ਹਤ ਸਿੰਘ ਦੁਰਾਨੀਆਂ ਅਤੇ ਬਲੋਚਾਂ ਦੀ ਰਲਵੀਂ ਫੌਜ ਦੇ ਮੁਕਾਬਲੇ ਤੇ ਬੜੀ ਥੋੜ੍ਹੀ ਗਿਣਤੀ ਨਾਲ ਲਾਹੌਰ ਦੀਆਂ ਕੰਧਾਂ ਥੱਲੇ ਝਪਟਾ ਮਾਰਦਾ ਹੈ, ਸਾਰਾ ਦਿਨ ਲੜਾਈ ਹੁੰਦੀ ਹੈ ਅਤੇ ਸ਼ਾਮ ਨੂੰ ਅੰਧੇਰੇ ਕਾਰਨ ਹੀ ਬੰਦ ਹੁੰਦੀ ਹੈ ਅਤੇ ਸਿੰਘ ਸ੍ਰੀ ਅੰਮ੍ਰਿਤਸਰ ਨੂੰ ਹਟ ਜਾਂਦੇ ਹਨ। ਅਹਿਮਦ ਸ਼ਾਹ ਨੂੰ ਖਬਰ ਮਿਲਦੀ ਹੈ ਕਿ ਸਿੰਘ ਹੁਣ 'ਗੁਰੂ ਚੱਕ' ਹਨ। ਲਾਹੌਰੋਂ ਗੁਰੂ ਚੱਕ ਕੇਵਲ ੩੨ ਮੀਲ ਹੈ। ਉਹ ਤੇਜ਼ ਰਫਤਾਰ ਅਹਿਮਦ ਸ਼ਾਹ "ਗੁਰੂ ਚੱਕ" ਚੌਥੇ ਦਿਨ ਅੱਪੜਦਾ ਹੈ, ਜਦ ਕਿ ਵੱਡੇ ਵੱਡੇ ਤੰਬੂ ਤੇ ਹੋਰ ਸਾਰਾ ਭਾਰਾ ਸਾਮਾਨ ਉਸ ਨੇ ਲਾਹੌਰ ਹੀ ਛੱਡ ਦਿੱਤਾ ਹੈ ਅਤੇ ਨਾਲ ਸਾਰੀ ਫ਼ੌਜ ਘੋੜ-ਚੜ੍ਹਿਆਂ ਦੀ ਹੈ। ਇਹ ੩੨ ਮੀਲ ਦਾ ਕੀ ਫ਼ਾਸਲਾ ਹੈ! ਜੇ ਚਾਹੁੰਦਾ ਤਾਂ ਧਾਹ ਕੇ ਸਿੰਘਾਂ ਦੇ ਮਗਰ ਪੈ ਜਾਂਦਾ ਤੇ "ਗੁਰੂ ਚੱਕ" ਦੁਪਹਿਰ ਤੋਂ ਪਹਿਲਾਂ ਹੀ ਅੱਪੜ ਕੇ ਉਹਨਾਂ ਤੇ ਹੱਲਾ ਕਰ ਕੇ ਗ਼ਾਜ਼ੀਆਂ ਨੂੰ ਦਿਲ ਦੀਆਂ ਸੱਧਰਾਂ ਪੂਰੀਆਂ ਕਰ ਲੈਣ ਦਿੰਦਾ। ਸਿੰਘ ਗਿਣਤੀ ਵਿੱਚ ਵੀ ਘੱਟ ਤੇ ਬੈਠੇ ਵੀ ਲਾਹੌਰ ਦੀਆਂ ਕੰਧਾਂ ਦੇ ਪਰਛਾਵੇਂ ਹੋਣ, ਫਿਰ ਇਸ ਝਿਜਕ ਤੇ ਢਿਲ ਦਾ ਕੀ ਮਤਲਬ ਹੈ?

ਇਸ ਢਿਲ ਦਾ ਜ਼ਰੂਰ ਕੋਈ ਡੂੰਘਾ ਕਾਰਨ ਹੈ। ਇਸ ਢਿਲ ਨੂੰ ਧਿਆਨ ਵਿਚ ਰੱਖ ਕੇ ਫ਼ਾਰੱਸਟਰ ਸਾਹਿਬ ਦਾ ਸਫਰਨਾਮਾ (ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ) ਅਤੇ ਗੁਲਾਮ ਅਲੀ ਦੇ ਇਤਿਹਾਸ (ਖ਼ਜ਼ਾਨਾ-ਏ-ਆਮਰਾ) ਨੂੰ ਪੜ੍ਹੀਏ ਤਾਂ ਸਾਰੀ ਗੱਲ ਸਪਸ਼ਟ ਹੋ ਜਾਂਦੀ ਹੈ। ਅੱਜ ਤੱਕ ਜਿਸ ਹਕੀਕਤ ਨੂੰ ਮੰਨਣ ਲਈ ਕੋਈ ਇਤਿਹਾਸਕਾਰ ਤਿਆਰ ਨਹੀਂ ਸੀ, ਉਸ ਨੂੰ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮੇ ਰਾਹੀਂ ਚਿੱਟੇ ਦਿਨ ਵਾਂਗ ਸਪਸ਼ਟ ਕਰ ਦਿੱਤਾ ਹੈ। ਅਤੇ ਕਿਸੇ ਇਤਿਹਾਸਕਾਰ ਲਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੱਤੀ।

ਪੂਰੀ ਗੱਲ ਸਮਝਣ ਲਈ ਸੰਖੇਪ ਤੌਰ ਉਤੇ ਇਹ ਪਿਛੋਕੜ ਤੇ ਇਸ ਦੇ ਉਜਾਗਰ ਪੱਖਾਂ ਉਤੇ ਨਜ਼ਰ ਮਾਰਨੀ ਜ਼ਰੂਰੀ ਹੈ। ਇਹ ਲੜੀ ਇੰਜ ਤੁਰਦੀ ਹੈ ਕਿ ਅਹਿਮਦਸ਼ਾਹ ਨੇ ਹਿੰਦੁਸਤਾਨ ਉਤੇ ਆਪਣੇ ਪੰਜਵੇਂ ਹਮਲੇ ਵੇਲੇ ਮਾਘ ਸੰਮਤ ੧੮੧੭ ਬਿਕਰਮੀ (੧੪ ਜਨਵਰੀ ੧੭੬੧ ਈਸਵੀ) ਵਾਲੇ ਦਿਨ ਜਦ ਮਰਹੱਟਿਆਂ ਨੂੰ ਬੜੀ ਕਰਾਰੀ ਮਾਰ ਮਾਰ ਕੇ ਬਹੁਤੀ ਬੁਰੀ ਤਰ੍ਹਾਂ ਹਰਾਇਆ ਸੀ ਤਾਂ ਉਸ ਸਮੇਂ ਸਾਰਾ ਹਿੰਦੁਸਤਾਨ ਅਹਿਮਦਸ਼ਾਹ ਦਿਆਂ ਕਦਮਾਂ ਵਿਚ ਪਿਆ ਥਰ ਥਰ ਕੰਬ ਰਿਹਾ ਸੀ। ਰਾਜਪੂਤਾਂ ਦੀ ਤਾਕਤ ਸਿਫਰ ਦੇ ਬਰਾਬਰ ਸੀ। ਜਾਟ ਆਪਣਾ ਆਪ ਵੀ ਬਚਾਉਣ ਜੋਗੇ ਨਹੀਂ ਸਨ। ਦਿਲੀ ਦੀ ਮੁਗ਼ਲ ਹਕੂਮਤ ਅਹਿਮਦ-ਸ਼ਾਹ ਦੀ ਕਠ-ਪੁਤਲੀ ਸੀ। ਪੂਰਬੀ ਹਿਸੇ ਵਿਚ ਉਭ ਰਹੀ ਅੰਗਰੇਜ਼ੀ ਤਾਕਤ, ਜੋ ਬੜੀ ਤੇਜ਼ੀ ਨਾਲ ਪਛਮ ਵਲ ਨੂੰ ਵਧ ਰਹੀ ਸੀ ਤੇ ਆਪਣੇ ਕਦਮ ਪਸਾਰ ਰਹੀ ਸੀ, ਅਬਦਾਲੀ ਦਾ ਟਾਕਰਾ ਤਾਂ ਕੀ ਕਰਨਾ ਸੀ, ਉਸ ਦੇ ਨਾਮ ਤੋਂ ਹੀ ਲਰਜ਼ ਰਹੀ ਸੀ। ਅਹਿਮਦ ਸ਼ਾਹ ਵੀ ਆਪਣੇ ਆਪ ਨੂੰ ਸਿਕੰਦਰ ਤੇ ਚੰਗੇਜ਼ ਖਾਨ ਤੋਂ ਉਤਦੀ ਸਮਝ ਰਿਹਾ ਸੀ। ਉਹ ਸਮਝਦਾ ਸੀ ਕਿ ਕੋਈ ਵੀ ਪਾਤਸ਼ਾਹ ਉਸ ਦੀ ਤੇਗ ਦੀ ਝਾਲ ਨਹੀਂ ਝਲ ਸਕਦੈ। ਇਹ ਪਾਤਸ਼ਾਹ ਤੇ ਰੜੇ ਰਾਜੇ ਉਸ ਦੇ ਇਕ ਇਸ਼ਾਰੇ ਤੇ ਤਿਗਣੀ ਦਾ ਨਾਚ ਨਚਣ ਵਾਲੇ ਮੁਹਰੇ ਸਨ।

ਪਾਨੀਪੱਤ ਦਾ ਬਿਜਈ ਤੇ ਏਸ਼ੀਆ ਦਾ ਸਭ ਤੋਂ ਜ਼ਬਰਦਸਤ ਪਾਤਸ਼ਾਹ ਪਾਨੀਪੱਤ ਦੀ ਲੜਾਈ ਪਿਛੋਂ ਦੋ ਕੁ ਮਹੀਨੇ ਦਿਲੀ ਆਰਾਮ ਕਰਕੇ ਅਰੰਭ ਸੰਮਤ ੧੮੧੮ ਬਿਕਰਮੀ ਮੁਤਾਬਕ ੨੬ ਅਪ੍ਰੈਲ ੧੭੬੧ ਨੂੰ ਲਾਹੌਰ ਪੁਜਾ ਤਾਂ ਪੰਜਾਬ ਦੇ ਮੁਸਲਮਾਨਾਂ ਨੇ ਬੜਾ ਵਿਰਲਾਪ ਕੀਤਾ ਤੇ ਦੁਹਾਈ ਮਚਾਈ ਕਿ ਸਿਖਾਂ ਨੇ ਮੁਸਲਮਾਨਾਂ ਦੀ ਬੁਰੀ ਬਾਬ ਕੀਤੀ ਹੈ ਤੇ ਦੀਨ ਅਸਲਾਮ ਦੀ ਬੜੀ ਮਿੱਟੀ ਪਲੀਦ ਹੋਈ ਹੈ। ਤੁਸੀਂ ਦੀਨ ਦੇ ਰਖਿਅਕ ਪਾਤਸ਼ਾਹ ਹੋ। ਹਿੰਦੁਸਤਾਨ ਵਿਚ ਤੁਹਾਡੇ ਮੌਜੂਦ ਹੁੰਦਿਆਂ ਸਾਡਾ ਤੇ ਦੀਨ ਦਾ ਇਹ ਹਾਲ



www.AKJ.Org

ਹੋਇਆ ਹੈ ਤਾਂ ਤੁਹਾਡੇ ਜਾਣ ਪਿਛੋਂ ਸਾਡਾ ਕੀ ਹਾਲ ਹੋਵੇਗਾ। ਇਨ੍ਹਾਂ ਨੂੰ ਵੀ ਮਰਹੱਟਿਆਂ ਵਾਂਗ ਬਿਲੇ ਲਾ ਕੇ ਹੀ ਜਾਉ। ਅਹਿਮਦਸ਼ਾਹ ਨੇ ਅਸਲਾਮੀ ਨੁਮਾਇੰਦਿਆਂ ਨੂੰ ਲਫਜ਼ੀ ਤਸੱਲੀ ਦੇਂਦਿਆਂ ਹੋਇਆਂ ਕਿਹਾ ਕਿ ਹਿੰਦੁਸਤਾਨ ਵਿਚ ਮਰਹੱਟਿਆਂ ਨਾਲ ਲੜਾਈ ਕਾਰਨ ਫੌਜ ਬੜੀ ਥਕੀ ਹੋਈ ਹੈ। ਵਾਪਸ ਜਾ ਕੇ ਰਤਾ ਕੁ ਆਰਾਮ ਕਰ ਆਈਏ। ਸਰਦੀ ਸ਼ੁਰੂ ਹੁੰਦਿਆਂ ਮੈਂ ਛੇਤੀ ਹੀ ਇਕ ਤਕੜੀ ਸੱਜਰ-ਸਾਹ ਫੌਜ ਲੈ ਕੇ ਆਵਾਂਗਾ ਤੇ ਸਿਖਾਂ ਨੂੰ ਮਰਹੱਟਿਆਂ ਵਾਂਗ ਉਹ ਮਾਰ ਮਾਰਾਂਗਾ ਕਿ ਹਿੰਦੁਸਤਾਨ ਵਿਚੋਂ ਇਨ੍ਹਾਂ ਦਾ ਖੁਰਾ ਖੋਜ ਹੀ ਮਿਟਾ ਕੇ ਰਖ ਦਿਆਂਗਾ।

ਏਥੇ ਅਹਿਮਦਸ਼ਾਹ ਦੇ ਵਿਅਕਤੀਗਤ ਦਾ ਇਕ ਹੋਰ ਪੱਖ ਵੀ ਉਜਾਗਰ ਹੁੰਦਾ ਹੈ। ਉਹ ਇਹ ਕਿ ਉਸ ਨੂੰ ਦੀਨ ਅਸਲਾਮ ਤੇ ਮੁਸਲਮਾਨਾਂ ਦੀ ਰਕਸ਼ਾ ਦਾ ਏਨਾ ਖਿਆਲ ਨਹੀਂ, ਜਿੰਨਾ ਤੌਂਸਲਾ ਉਸ ਨੂੰ ਉਸ ਲੁਟ ਦੇ ਮਾਲ ਦਾ ਹੈ ਜੋ ਮਰਹੱਟਿਆਂ ਨੂੰ ਸ਼ਿਕੱਸਤ ਦੇਣ ਪਿਛੋਂ ਉਹ ਸਮੇਟ ਕੇ ਲਈ ਜਾ ਰਿਹਾ ਸੀ। ਜੇ ਉਹ ਚਾਹੁੰਦਾ ਤਾਂ ਕੁਝ ਦਿਨਾਂ ਲਈ ਲਾਹੌਰ ਠਹਿਰ ਕੇ ਉਹ ਸਿਖਾਂ ਨਾਲ ਜ਼ੋਰ-ਅਜ਼ਮਾਈ ਕਰ ਸਕਦਾ ਸੀ। ਪਰ ਬਹਾਦਰੀ ਨਾਲੋਂ ਦਾਨਸ਼ਮੰਦੀ ਨੂੰ ਚੰਗਾ ਖਿਆਲ ਕਰ ਕੇ ਖਾਹ-ਮਖ਼ਾਹ ਖ਼ਤਰਾ ਮੁਲ ਲੈਣਾ ਚੰਗਾ ਨਹੀਂ ਸਮਝਿਆ। ਸੋ ਅਸਲਾਮ ਤੇ ਅਸਲਾਮੀਆਂ ਦੀ ਰਕਸ਼ਾ ਨਾਲੋਂ ਲੁਟ ਦੇ ਮਾਲ ਦੀ ਰਕਸ਼ਾ ਨੂੰ ਉਸ ਨੇ ਪਹਿਲ ਦਿਤੀ ਤੇ ਜ਼ਰੂਰੀ ਸਮਝਿਆ ਕਿ ਇਸ ਨੂੰ ਛੇਤੀ ਛੇਤੀ ਅਫ਼ਗਾਨਿਸਤਾਨ ਵਿਖੇ ਲੈ ਜਾਵੇ। ਏਸੇ ਲਈ ਸਪਸ਼ਟ ਹੈ ਕਿ ਸਿਖਾਂ ਨੂੰ ਸਜ਼ਾ ਦੇਣ ਲਈ ਉਹ ਲਾਹੌਰ ਵਿਚ ਹੋਰ ਇਕ ਪਲ ਵੀ ਨਹੀਂ ਰੁਕਿਆ।

ਅਫ਼ਗਾਨਿਸਤਾਨ ਵਿਚ ਪਹੁੰਚ ਕੇ ਗਰਮੀ ਤੇ ਬਰਸਾਤ ਦਾ ਮੌਸਮ ਕਟਿਆ। ਸਰਦੀਆਂ ਸ਼ੁਰੂ ਹੁੰਦਿਆਂ ਸਾਰ ਇਕ ਤਕੜਾ ਲਸ਼ਕਰ ਲੈ ਕੇ ਪੰਜਾਬ ਵਲ ਨੂੰ ਚੜ੍ਹ ਆਇਆ। ਲਾਹੌਰ ਆ ਕੇ ਅਹਿਮਦ ਸ਼ਾਹ ਨੂੰ ਪਤਾ ਲਗਾ ਕਿ ਸਿਖ ਸਰਹੰਦ ਗਿਰਦ ਫਿਰ ਰਹੇ ਹਨ ਅਤੇ ਇਕ ਤਕੜਾ ਹਿੱਸਾ ਮਲੇਰ ਕੋਟਲੇ ਲਾਗੇ ਨਾਰੰਗਵਾਲ ਗੁਜਰਵਾਲ ਆਦਿ ਪਿੰਡਾਂ ਦੀ ਜੂਹ ਵਿਚ ਜੁੜਿਆ ਪਿਆ ਹੈ। ਤਿੰਨ ਫਰਵਰੀ ੧੭੬੨ ਨੂੰ ਸ਼ਾਹ ਨੇ ਲਾਹੌਰੋਂ ਚਲ ਕੇ ਜੰਡਿਆਲੇ ਥਾਣੀ ਹੋ ਕੇ ੪ ਫਰਵਰੀ ਨੂੰ ਤਲਵਨ ਮਨਜ਼ਲ ਆਣ ਕੀਤੀ। ੫ ਫਰਵਰੀ ਨੂੰ ਸੂਰਜ ਚੜ੍ਹਦੇ ਦੇ ਨਾਲ ਕੁਪ ਰਹੀੜੇ ਪਾਸ ਅਚਨਚੇਤ ਸਿੰਘਾਂ ਉਤੇ ਆਣ ਪਿਆ। ਏਨੇ ਥੋੜੇ ਸਮੇਂ ਵਿਚ ਸੈਂਕੜੇ ਕੋਹਾਂ ਦਾ ਪੰਧ ਵੀ ਮੁਕਾ ਲਿਆ ਤੇ ਦੋ ਦਰਿਆ ਵੀ ਟੱਪ ਆਇਆ।

ਕੁਪ ਰਹੀੜੇ ਤੋਂ ਲੈ ਕੇ ਗਹਿਲ ਅਤੇ ਕੁਤਬਾ ਬਾਹਮਣੀਆਂ ਆਦਿ ਪਿੰਡਾ ਥਾਣੀ ਹੁੰਦੇ ਹੋਏ ਅਨੂਰ ਤਕ ਜੋ ਖ਼ੂਨ-ਡੋਲ੍ਹਵੀਂ ਲੜਾਈ ਹੋਈ ਤੇ ਜਿਸ ਵਿਚ ੧੨ ਤੋਂ ੧੫ ਹਜ਼ਾਰ ਦੇ ਦਰਮਿਆਨ ਸਿਖ ਸ਼ਹੀਦ ਹੋਏ, ਸਿਖ ਇਤਿਹਾਸ ਵਿਚ "ਵਡਾ ਘਲੂਘਾਰਾ" ਕਰਕੇ ਜਾਣਿਆਂ ਜਾਂਦਾ ਹੈ। ਅਹਿਮਦ ਸ਼ਾਹ ਬੜੀ ਹੀ ਖ਼ੁਸ਼-ਫਹਿਮੀ ਵਿਚ ਸੀ ਕਿ ਪਿਛਲੇ ਸਾਲ ਮਾਘ ਵਿਚ ਮਰਹੱਟਿਆਂ ਨੂੰ ਬਰਬਾਦ ਕੀਤਾ ਸੀ ਤੇ ਇਸ ਸਾਲ ਏਸੇ ਹੀ ਮਹੀਨੇ ਵਿਚ ਸਿਖਾਂ ਨੂੰ ਮਲੀਆ ਮੇਟ ਕੀਤਾ ਹੈ। ਦੋਵੇਂ ਧਿਰਾਂ ਹੁਣ ਸਾਲਾਂ ਬਧੀ ਇਸ ਮਾਰ ਦੇ ਮਾਰੇ ਹੋਸ਼ ਵਿਚ ਨਹੀਂ ਆ ਸਕਣਗੇ। ਇਸ ਵਿਚ ਸ਼ੱਕ ਨਹੀਂ ਕਿ ਸਿਖਾਂ ਦੀ ਥਾਂ ਜੇ ਕੋਈ ਹੋਰ ਕੌਮ ਹੁੰਦੀ ਤਾਂ ਵਾਕਿਆ ਹੀ ਸੁਰਤ ਨਾ ਫੜ ਸਕਦੀ।

ਅਹਿਮਦ ਸ਼ਾਹ ਅਬਦਾਲੀ ਘਲੂਘਾਰੇ ਦੀ ਘਟਨਾ ਤੋਂ ਪਿਛੋਂ ਸਰਹੰਦ ਵਲ ਨੂੰ ਹੋ ਗਿਆ। ਆਪਣੇ ਆਪ ਨੂੰ ਬੜਾ ਵੱਡਾ ਜੇਤੂ ਸਮਝਦਾ ਹੋਇਆ ਹੌਲੀ ਹੌਲੀ ਸੈਰ ਤੇ ਸ਼ਿਕਾਰ ਦਾ ਮਜ਼ਾ ਲੈਂਦਾ ਹੋਇਆਂ ਥਾਂ ਥਾਂ ਸਿੰਘਾਂ ਦੀ ਕਤਲਾਮ ਕਰਦਾ ਤੇ ਜੋ ਜੀਊਂਦੇ ਫੜੇ ਜਾਂਦੇ, ਉਨ੍ਹਾਂ ਨੂੰ ਬੰਨ੍ਹ ਕੇ ਲਾਹੌਰ ਵਲ ਨੂੰ ਤੋਰਦਾ ਹੋਇਆ ਸ੍ਰੀ ਅੰਮ੍ਰਿਤਸਰ ਸਾਹਿਬ ਅੱਪੜਿਆ। ਸ਼ਹਿਰ ਨੂੰ ਲੁੱਟ ਪੁਟ ਕੇ ਢਾਹ ਫੂਕ ਸੁਟਿਆ। ਸਰੋਵਰ ਨੂੰ ਮਲਬੇ,ਗੰਦਗੀ, ਸਿਖਾਂ ਦੀਆਂ ਲਾਸ਼ਾਂ ਤੇ ਬੁਢੀਆਂ ਠੇਰੀਆਂ ਗਊਆਂ ਜ਼ਿਬਹ ਕਰਾ ਕੇ ਵਿਚ ਸੁਟਵਾ ਕੇ ਭਰਾ ਦਿਤਾ। ਮਨ-ਆਈਆ ਅਕਹਿ ਤੇ ਅਸਹਿ ਬੇਅਦਬੀਆਂ ਕਰਵਾਈਆਂ। ਸ੍ਰੀ ਹਰਿਮੰਦਰ ਸਾਹਿਬ ਨੂੰ ਬਰੂਦ ਦੇ ਕੁੱਪੇ ਰਖ ਕੇ ਉਡਵਾ ਦਿਤਾ। ਆਪਣੇ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਹਮੇਸ਼ਾ ਲਈ ਮਲੀਆ ਮੇਟ ਕਰ ਸੁਟਿਆ। ਘਲੂਘਾਰੇ ਵਾਲੇ ਦਿਨ ਤੋਂ ੨੯ ਦਿਨ ਮਗਰੋਂ ਲਾਹੌਰ ਪਹੁੰਚ ਕੇ ਡੇਰੇ ਲਾ ਕੇ ਬੈਠ ਗਿਆ, ਇਹ



www.AKJ.Org

ਵੇਖਣ ਲਈ ਕਿ ਸਿਖਾਂ ਨੂੰ ਮਾਰੀ ਹੋਈ ਸੱਟ ਦਾ ਉਨ੍ਹਾਂ ਉਤੇ ਕੀ ਅਸਰ ਹੁੰਦਾ ਹੈ।

ਘਲੂਘਾਰੇ ਮਗਰੋਂ ਸੈਂਕੜੇ ਗੱਡੇ ਸਿੰਘਾਂ ਦੇ ਸਿਰਾਂ ਦੇ ਲਦਵਾ ਕੇ ਲਾਹੌਰ ਨੂੰ ਤੋਰ ਦਿਤੇ ਸਨ, ਤਾਕਿ ਅਹਿਮਦਸ਼ਾਹ ਦੇ ਕਾਰਨਾਮੇ ਅਤੇ ਦੀਨ ਦੀ ਕੀਤੀ ਸੇਵਾ ਦਾ ਮੁਫਤੀ, ਮੁਲਾਣਿਆਂ ਨੂੰ ਇਹ ਸਭ ਕੁਝ ਅਖੀਂ ਵੇਖ ਕੇ ਯਕੀਨ ਆ ਸਕੇ ਤੇ ਉਨ੍ਹਾਂ ਦੇ ਸੀਨਿਆਂ ਤੇ ਅਖਾਂ ਨੂੰ ਠੰਢ ਪਹੁੰਚ ਸਕੇ। ਗਸ਼ਤੀ ਫੌਜਾਂ ਰੋਜ਼ ਦੂਰ ਦੂਰ ਤਕ ਜਾ ਕੇ ਪਿੰਡਾਂ ਵਿਚ ਛਪੋਲ ਮਾਰਦੀਆਂ ਤੇ ਜਿਥੇ ਸਿੰਘਾਂ ਦਾ ਸੁਰਾਗ ਮਿਲਦਾ, ਓਥੋਂ ਉਨ੍ਹਾਂ ਨੂੰ ਬੰਨ੍ਹ ਕੇ ਲਾਹੌਰ ਨੂੰ ਲੈ ਆਉਂਦੀਆਂ। (ਇਨ੍ਹਾਂ ਛਪੋਲਾਂ ਵਿਚ ਖੇਤੀ ਬਾੜੀ ਕਰਨ ਵਾਲੇ ਤੇ ਅਮਨ-ਅਮਾਨ ਨਾਲ ਵੱਸਣ ਵਾਲੇ ਗੁਰਮੁਖ ਸਿੰਘ, ਔਰਤਾਂ, ਬੱਚੇ ਤੇ ਬਿਰਧ ਹੀ ਕਾਬੂ ਆਉਂਦੇ। ਰਾਠ ਸਿੰਘ ਕਦੀ ਕਾਬੂ ਨ ਆਉਂਦੇ। ਘੇਰੇ ਵਿਚ ਆਏ ਜਾਂ ਤਾਂ ਸਿਰ-ਧੜ ਦੀ ਲਾ ਕੇ ਦੁਸ਼ਮਣ ਦਾ ਘੇਰਾ ਤੋੜ ਕੇ ਨਿਕਲ ਜਾਂਦੇ ਜਾਂ ਲੜਦੇ ਹੋਏ ਸ਼ਹੀਦ ਹੋ ਜਾਂਦੇ। ਕਦੇ ਵੀ ਹਥਿਆਰ ਸੁਟ ਕੇ ਦੁਸ਼ਮਣ ਦੀ ਕੈਦ ਨਾ ਕਬੂਲਦੇ। ਗਸ਼ਤੀ ਫ਼ੌਜ ਦੀਆਂ ਟੁਕੜੀਆਂ ਇਨ੍ਹਾਂ ਨਾਲ ਉਲਝਣ ਦੀ ਥਾਂ ਇਨ੍ਹਾਂ ਕੋਲੋਂ ਕੰਨੀ ਕਤਰਾਉਣ ਵਿਚ ਆਪਣਾ ਜ਼ਿਆਦਾ ਭਲਾ ਸਮਝਦੀਆਂ।)।

ਪਿਛਲੇ ਸਾਲਾਂ ਵਿਚ ਜਦ ਸਿੰਘਾਂ ਦਾ ਜ਼ੋਰ ਪਿਆ ਸੀ ਤਾਂ ਉਨ੍ਹਾਂ ਜੋ ਮਸੀਤਾਂ ਢਾਹੀਆਂ ਸਨ, ਉਨ੍ਹਾਂ ਨੂੰ ਫਿਰ ਨਵੇਂ ਸਿਰਿਓਂ ਉਸਾਰਿਆ ਗਿਆ। ਉਨ੍ਹਾਂ ਦੀ ਹੋਈ ਬੇਅਦਬੀ ਦਾ ਦਾਗ ਦੂਰ ਕਰਨ ਲਈ, ਫੜ ਕੇ ਲਿਆਂਦੇ ਸਿੰਘਾਂ ਨੂੰ ਵਢ ਵਢ ਕੇ ਉਨ੍ਹਾਂ ਦੇ ਖੂਨ ਨਾਲ ਉਨ੍ਹਾਂ (ਮਸੀਤਾਂ) ਨੂੰ ਧੋਤਾ ਗਿਆ। ਇਸ ਤਰ੍ਹਾਂ ਹਜ਼ਾਰਾਂ ਬੇਗੁਨਾਹ ਤੇ ਮਾਸੂਮ ਬੱਚੇ, ਜਵਾਨ ਬਿਰਧ ਤੇ ਔਰਤਾਂ ਸ਼ਹੀਦ ਹੋਈਆਂ। ਸਿਖਾਂ ਦੇ ਸਿਰਾਂ ਦੇ ਮੁਨਾਰੇ ਉਸਾਰੇ ਗਏ। ਕਈ ਮਹੀਨਿਆਂ ਤਕ ਇਹ ਕਤਲਾਮ ਰੋਜ਼ ਹੁੰਦੀ ਰਹੀ। ਦੀਨ ਅਸਲਾਮ ਦੀ ਇਸ "ਸੱਚੀ ਸੁਚੀ ਤੇ ਉਚੀ" ਸੇਵਾ ਨਾਲ ਮੌਲਵੀ ਮੁਲਾਣੇ ਅਸ਼ ਅਸ਼ ਕਰ ਉਠੇ। ਇਹ ਸਭ ਕੁਝ ਤਕ ਤਕ ਕੇ ਅਖਾਂ ਤੇ ਸੀਨੇ ਨੂਰੋ ਨੂਰ ਹੋ ਗਏ। ਧਰਮ ਰਖਿਅਕ ਪਾਤਸ਼ਾਹ ਦੇ ਨਾਮ ਦੀ ਧਾਂਕ ਬੈਠ ਗਈ। ਅਹਿਮਦਸ਼ਾਹ ਦੇ ਨਾਮ ਤੋਂ ਹੀ ਲੋਕ ਡਰਨ ਲੱਗ ਪਏ।

**ਇਸ ਜ਼ੁਲਮ ਤੇ ਤਸ਼ੱਦਦ ਦਾ ਸਿੰਘਾਂ ਉਤੇ ਕੀ ਅਸਰ ਹੋਇਆ ?—**

ਅਹਿਮਦਸ਼ਾਹ ਅਬਦਾਲੀ ਨੇ ਸਿਖਾਂ ਦੀ ਜੜ੍ਹ-ਮੇਖ ਪੁਟ ਗਵਾਉਣ ਲਈ ਜ਼ੁਲਮ ਤੇ ਤਸ਼ੱਦਦ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛਡੀ। ਸਿੰਘਾਂ ਦੀ ਰੱਜ ਕੇ ਕਤਲਾਮ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਲਗਿਆਂ ਦਿਲ ਦੀਆਂ ਰੀਝਾਂ ਲਾਹੀਆਂ। ਸਿਖਾਂ ਨੂੰ ਘਰੋਂ ਬੇਘਰ ਕੀਤਾ। ਉਨ੍ਹਾਂ ਦੇ ਸਿਰਾਂ ਨਾਲ ਮੁਨਾਰੇ ਉਸਾਰੇ ਗਏ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਅਹਿਮਦਸ਼ਾਹ ਇਹ ਸਭ ਕੁਝ ਕਰ ਕੇ ਸਿੰਘਾਂ ਦੇ ਦਿਲਾਂ ਉਤੇ ਆਪਣਾ ਰੁਅਬ ਤੇ ਡਰ ਬਿਠਾ ਸਕਿਆ ? ਇਤਿਹਾਸ ਗਵਾਹ ਹੈ ਕਿ ਹਰਗਿਜ਼ ਐਸਾ ਨਹੀਂ ਕਰ ਸਕਿਆ। ਇਸ ਸਖ਼ਤੀ ਦੇ ਫਲ-ਸਰੂਪ ਖਾਲਸਾ ਜੀ ਸਗੋਂ ਦੂਣੇ ਚੌਣੇ ਚਮਕੇ। ਹਰ ਜ਼ੁਲਮ ਤੇ ਜਬਰ ਮਗਰੋਂ ਦੂਣ ਸਵਾਈ ਚੜ੍ਹਦੀ ਕਲਾ ਨਾਲ ਉਭਰੇ। ਵੱਡੀਆਂ ਵੱਡੀਆਂ ਸਟਾਂ ਖਾ ਕੇ ਝਟ ਪਟ ਸੰਭਲੇ ਤੇ ਬਿਫਰੇ ਹੋਏ ਸ਼ੇਰ ਵਾਂਗੂ ਲਗੇ ਅਹਿਮਦਸ਼ਾਹ ਦੇ ਗਲ ਪੈਣ। ਅਬਦਾਲੀ ਦੇ ਨੱਕ ਹੇਠਾਂ ਉਸ ਦੇ ਇਲਾਕਿਆਂ ਨੂੰ ਸੋਧ ਕੇ ਉਸ ਦੇ ਮੁਲਕੀ ਪਰਬੰਧ ਦੀਆਂ ਧੱਜੀਆਂ ਉਡਾ ਦਿਤੀਆਂ। ਪਾਤਸ਼ਾਹ ਫੌਜਾਂ ਸਮੇਤ ਲਾਹੌਰ ਡੇਰੇ ਲਾਈ ਬੈਠਾ ਸੀ ਤੇ ਖਾਲਸਾ ਜੀ ਲਾਹੌਰ ਦੀਆਂ ਬਸਤੀਆਂ ਨੂੰ ਦਿਨ-ਦੀਵੀਂ ਲੁਟ ਲਿਜਾਂਦੇ ਸਨ। ਪੰਜਾਬ ਦੇ ਮੁਸਲਮਾਨਾਂ ਨੂੰ ਵੀ ਅਹਿਸਾਸ ਹੋਣ ਲੱਗ ਪਿਆ ਕਿ ਉਨ੍ਹਾਂ ਦਾ ਧਰਮ-ਰਖਿਅਕ ਤੇ ਸਿਕੰਦਰ ਜਿਡਾ ਮਹਾਨ ਪਾਤਸ਼ਾਹ ਉਨ੍ਹਾਂ ਨੂੰ ਖਾਲਸਾ ਜੀ ਦੀ ਮਾਰ ਤੋਂ ਬਚਾ ਲੈਣ ਦੇ ਸਮਰੱਥ ਨਹੀਂ। ਓਧਰ ਅਹਿਮਦਸ਼ਾਹ ਵੀ ਸੋਚਦਾ ਸੀ ਕਿ ਕੁਪ ਰਹੀੜੇ ਦੀ ਸੱਟ ਸਿਖਾਂ ਲਈ ਕਾਫ਼ੀ ਨਹੀਂ ਸੀ। ਇਨ੍ਹਾਂ ਨੂੰ ਏਦੂੰ ਬਹੁਤ ਕਰੜੀ ਚੋਟ ਮਾਰਨੀ ਚਾਹੀਦੀ ਹੈ, ਜਿਸ ਨਾਲ ਇਨ੍ਹਾਂ ਦਾ ਪੂਰੀ ਤਰ੍ਹਾਂ ਲੱਕ ਟੁਟ ਜਾਵੇ।

ਅਹਿਮਦਸ਼ਾਹ ਕਿਸੇ ਚੰਗੇ ਢੁਕਵੇਂ ਮੌਕੇ ਦੀ ਉਡੀਕ ਵਿਚ ਸੀ। ਰੱਬ ਨੇ ਉਸਦੀ ਆਸ ਪੁਜਾਈ ਤੇ ਦੀਵਾਲੀ ਦਾ ਸੋਹਣਾ ਮੌਕਿਆ ਮਿਲ ਗਿਆ। ਛੇ ਕਤਕ ਐਤਵਾਰ ਮੁਤਾਬਕ ੧੭ ਅਕਤੂਬਰ ੧੭੬੨ ਈ:



www.AKJ.Org

ਨੂੰ ਦੀਵਾਲੀ ਸੀ। ਇਸ ਦਿਨ ਪੂਰਾ ਸੂਰਜ-ਗ੍ਰਹਿਣ ਲਗਾ ਸੀ। ਸਾਰੇ ਸੰਸਾਰ ਨੂੰ ਪਤਾ ਸੀ ਕਿ ਭਾਵੇਂ ਮਹਾਂ ਪਰਲੋ ਵੀ ਕਿਉਂ ਨਾ ਆ ਜਾਵੇ, ਖਾਲਸਾ ਜੀ ਦੀਵਾਲੀ ਦੇ ਮੌਕਿਆ ਤੇ ਸ੍ਰੀ ਅੰਮ੍ਰਿਤਸਰ ਜ਼ਰੂਰ ਇਕੱਠੇ ਹੋਣਗੇ, ਜਿਸ ਤਰ੍ਹਾਂ ਕਿ ਇਹ ਵਿਹਾਰ ਤੁਰਿਆ ਆ ਰਿਹਾ ਹੈ। ਅਹਿਮਦਸ਼ਾਹ ਨੂੰ ਦਿਲ ਦੀ ਮੁਰਾਦ ਪੂਰੀ ਹੁੰਦੀ ਦਿਸੀ। ਜੰਗਲ ਬੇਲਿਆਂ ਵਿਚੋਂ ਇਨ੍ਹਾਂ ਨੂੰ ਜਾਨ ਹੂਲ ਕੇ ਚੁਣ ਚੁਣ ਕੇ ਮਾਰਨ ਨਾਲੋਂ ਆਪਣੇ ਆਪ ਹੀ ਇਕੱਠੇ ਹੋਇਆਂ ਨੂੰ ਪਲਾਂ ਵਿਚ ਕਤਲਾ ਦਿਤਾ ਜਾਵੇਗਾ। ਸੋ ਦੀਵਾਲੀ ਦੇ ਮੌਕਿਆ ਉਤੇ ਖਾਲਸਾ ਜੀ ਵੀ ਗੱਜ ਵੱਜ ਕੇ ਇਕੱਠੇ ਹੋ ਗਏ ਤੇ ਅਹਿਮਦ ਸ਼ਾਹ ਅਬਦਾਲੀ ਨੇ ਵੀ ਇਹ ਮਿਥ ਕੇ ਕਿ ਘਲੂਘਾਰੇ ਵਿਚ ਜੋ ਕਸਰ ਰਹਿ ਗਈ ਹੈ, ਇਸ ਸਮੇਂ ਕੱਢ ਦੇਣੀ ਹੈ, ਤੇ ਸਿੱਖਾਂ ਦੀ ਅਲਖ ਮੁਕਾ ਦੇਣੀ ਹੈ। ਦੀਵਾਲੀ ਤੋਂ ਇਕ ਦਿਨ ਪਹਿਲਾਂ ਹੀ ੧੬ ਅਕਤੂਬਰ ਸਨਿਚਰਵਾਰ ਸ਼ਾਮ ਨੂੰ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਉਸ ਦੇ ਲਹਿੰਦੇ ਪਾਸੇ ਡੇਰੇ ਲਾ ਦਿਤੇ। ਅਗਲੇ ਦਿਨ ਦੀਵਾਲੀ ਸੀ ਤੇ ਸੂਰਜ ਚੜ੍ਹਦੇ ਨਾਲ ਹੀ ਅਬਦਾਲੀ ਫੌਜ ਲੈ ਕੇ ਆਣ ਪਿਆ। ਉਸ ਨੇ ਬੜੀ ਖਤਰਨਾਕ ਚਾਲ ਚਲੀ, ਪਰ ਸਿਰੇ ਨਾ ਚੜ੍ਹ ਸਕੀ। ਉਸ ਨੇ ਰਾਤੋ ਰਾਤ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪੂਰੀ ਤਰ੍ਹਾਂ ਨਾਕਾਬੰਦੀ ਕਰ ਲਈ ਸੀ ਤਾਂਕਿ ਇਕ ਵੀ ਸਿੱਖ ਨਿਕਲਣ ਨਾ ਪਾਵੇ। ਸੂਰਜ ਚੜ੍ਹਿਆ ਤਾਂ ਗ੍ਰਹਿਣ ਲੱਗ ਗਿਆ। ਗ੍ਰਹਿਣ ਇਨਾ ਲਗਾ ਕਿ ਫਿਰ ਮੁੜ ਰਾਤ ਵਰਗਾ ਸਮਾ ਹੋ ਗਿਆ ਤੇ ਲੋਕਾਂ ਨੇ ਦਿਨੇ ਤਾਰੇ ਵੇਖੇ। ਅਹਿਮਦਸ਼ਾਹ ਸਮਝੀ ਬੈਠਾ ਸੀ ਕਿ ਹੱਲਾ ਹੁੰਦਿਆਂ ਸਾਰ ਹੀ ਹੁਰਲ ਹੋ ਜਾਵੇਗੀ, ਤੇ ਐਸੀ ਭਗਦੜ ਮੱਚੂ ਕਿ ਸਿੱਖਾਂ ਲਈ ਮੁੜ ਪੈਰ ਜਮਾ ਕੇ ਲੜਨਾ ਮੁਸ਼ਕਲ ਹੋ ਜਾਊਗਾ। ਅਗੋਂ ਨਾਕਿਆਂ ਵਾਲੇ ਰੋਕ ਲੈਣਗੇ ਤੇ ਪਿਛੋਂ ਕਟਾ-ਵੱਢ ਕਰਦੀ ਫੌਜ ਪਵੇਗੀ ਤੇ ਇਜ ਦੋਹਾਂ ਪੁੜਾਂ ਵਿਚਕਾਰ ਆਏ ਸਿੱਖ ਪੀਸ ਕੇ ਰੱਖ ਦਿੱਤੇ ਜਾਣਗੇ। ਪਰ ਸਿੱਖ ਕੋਈ ਸੁਸਰੀ ਢੋਰੇ ਦੇ ਮਾਰੇ ਛੋਲੇ ਨਹੀਂ ਸਨ ਕਿ ਅਹਿਮਦ ਸ਼ਾਹ ਦੇ ਪੁੜ ਇਨ੍ਹਾਂ ਨੂੰ ਇੰਜ ਸਹਿਜੇ ਹੀ ਪੀਹ ਸੁਟਦੇ। ਇਹ ਤਾਂ ਸੁੱਚੇ ਫੋਲਾਦ ਦੇ ਬਣੇ ਹੋਏ ਸਨ। ਇਹਨਾਂ ਦੋਵੇਂ ਪੁੜ ਹੀ ਡੱਕਰੇ ਕਰ ਸੁੱਟੇ।

ਅਹਿਮਦ ਸ਼ਾਹ ਨੇ ਬੜੇ ਰੋਹ ਨਾਲ ਹੱਲਾ ਕੀਤਾ ਕਿ ਜਿੱਤ ਤੋਂ ਪਹਿਲਾਂ ਇਹ ਸਿਰਫ਼ ਪੱਲ ਭਰ ਦਾ ਹੀ ਰੁਝੇਵਾਂ ਹੈ। ਅਗੋਂ ਖਾਲਸਾ ਜੀ ਵੀ ਡੱਟ ਗਏ ਤੇ ਸ਼ੇਰਾਂ ਵਾਗੂੰ ਗਾਜ਼ੀਆਂ ਤੇ ਝਪੱਟੇ। ਬੜੀ ਗਹਿ-ਗੱਚ ਲੜਾਈ ਹੋਈ। ਦੋਹਾਂ ਧਿਰਾਂ ਨੇ ਦਿਲ ਦੀਆਂ ਰੀਝਾਂ ਪੂਰੀਆਂ ਕੀਤੀਆਂ। ਲਾਸ਼ਾਂ ਦੇ ਪੁਸ਼ਤੇ ਲੱਗ ਗਏ। ਦੁਪਹਿਰ ਤੱਕ ਕਿਸੇ ਪਾਸੇ ਢਿਲ ਹੁੰਦੀ ਨਜ਼ਰ ਨਾ ਆਈ। ਸਾਰਾ ਦਿਨ ਤੁੰਦ ਤੋਂ ਤੁੰਦ ਹੱਲੇ ਹੁੰਦੇ ਰਹੇ। ਤੀਜੇ ਪਹਿਰ ਸਿੰਘਾਂ ਨੇ ਦੁਰਾਨੀਆਂ ਨੂੰ ਧੱਕ ਕੇ ਕਿੱਲ੍ਹੇ ਤੋਂ ਅਗੇ ਮੌਜੂਦਾ ਪੁਤਲੀ ਘਰ ਖਾਲਸਾ ਕਾਲਜ ਤੇ ਛਿਹਰਟਾ ਤੇ ਯੂਨੀਵਰਸਿਟੀ ਵਾਲੇ ਪਾਸੇ ਹੱਟਣ ਤੇ ਮਜਬੂਰ ਕਰ ਦਿੱਤਾ। ਅਬਦਾਲੀ ਜਿੱਤ ਵਲੋਂ ਬਿਲਕੁਲ ਨਿਰਾਸ ਹੋ ਚੁਕਾ ਸੀ। ਉਹ ਹਨੇਰਾ ਹੋਣ ਤਕ ਦੰਦ-ਖੁਰ ਅੜਾ ਕੇ ਬਚਾ ਕਰਨਾ ਚਾਹੁੰਦਾ ਸੀ। ਪਰ ਸਿੰਘ ਅਸਲੋਂ ਸਿਰ ਹੋ ਗਏ। ਸਿੰਘਾਂ ਦੇ ਹੱਲੇ ਹੁਣ ਬਹੁਤ ਤੇਜ਼ ਹੋ ਚੁਕੇ ਸਨ। ਅਹਿਮਦ ਸ਼ਾਹ ਨੂੰ ਦਿਸ ਪਿਆ ਕਿ ਜਿੱਤ ਤਾਂ ਇਕ ਪਾਸੇ ਰਹੀ, ਜਾਨ ਬਚਾਉਣੀ ਵੀ ਔਖੀ ਹੈ, ਇਸ ਲਈ ਹੌਲੀ ਹੌਲੀ ਲਾਹੌਰ ਵਲ ਨੂੰ ਪਿਛੇ ਹੱਟਣ ਲੱਗਾ। ਪਰ ਖਾਲਸਾ ਜੀ ਇੰਜ ਸੁੱਕਾ ਜਾਣ ਕਿਵੇਂ ਦਿੰਦੇ ਸਨ। ਨਗਾਰਿਆਂ ਉਤੇ ਕਰੜੀਆਂ ਚੋਟਾਂ ਪਈਆਂ ਤੇ ਸਿੰਘਾਂ ਨੇ ਜੈਕਾਰਿਆਂ ਨਾਲ ਅਸਮਾਨ ਗੂੰਜਾ ਦਿਤਾ। ਹੁਣ ਦਲਾਂ ਵਿਚ ਹੋਕਾ ਫਿਰ ਗਿਆ ਕਿ ਇਹ ਕਾਬਲੀ ਬਿੱਲਾ ਬਚ ਕੇ ਨਾ ਜਾਣੇ ਪਾਵੇ। ਅਬਦਾਲੀ ਦੇ ਭਾ ਦੀ ਬਣ ਗਈ, ਪਿਛੇ ਹੱਟ ਕੇ ਪੈਂਤੜਾ ਲੈਣ ਦੀ ਕੋਸ਼ਿਸ਼ ਕੀਤੀ। ਸਿੰਘਾਂ ਨੇ ਭਿਆਨਕ ਹਮਲਾ ਕੀਤਾ। ਅਹਿਮਦ ਸ਼ਾਹ ਦੇ ਗਾਜ਼ੀ ਦੁਰਾਨੀਆਂ ਦੇ ਪੈਰ ਉਖੜ ਗਏ, ਤੇ ਮੈਦਾਨ ਛੱਡ ਕੇ ਨੱਸ ਤੁਰੇ। ਸਿਕੰਦਰ ਸ਼ਾਨੀ ਤੇ ਪਾਨੀਪਤ ਦਾ ਬਿਜਈ ਸਿੰਘਾਂ ਨੂੰ ਮਲੀਆਮੇਟ ਕਰਨ ਆਇਆ, ਆਪਣੀ ਜਾਨ ਬਚਾਉਣ ਲਈ ਉਹਨਾਂ ਦੇ ਅੱਗੇ, ਪਿਛਾਂਹ ਨੂੰ ਨੱਸਾ ਜਾਂਦਾ ਹੈ। ਸਿੰਘਾਂ ਨੇ ਵੀ ਉਸ ਦਾ ਪਿਛਾ ਨਹੀਂ ਛੱਡਿਆ, ਸਗੋਂ ਉਸਦੇ ਮੋਢੀਂ ਚੜ੍ਹੇ ਗਏ ਤੇ ਲਾਹੌਰ ਤਕ ਫੌਜ ਨੂੰ ਤਛਦੇ ਮੁਛਦੇ ਗਏ। ਲਾਹੌਰ ਅੱਪੜ ਕੇ ਅਬਦਾਲੀ ਰੁਕਿਆ ਨਹੀਂ, ਸਗੋਂ ਦੂਜੇ ਰਾਹੇ ਅਫਗਾਨਿਸਤਾਨ ਨੂੰ ਚਲਦਾ ਹੋਇਆ ਤੇ ਸਿੰਘਾਂ ਨੇ ਲਾਹੌਰ ਨੂੰ ਬੜੀ ਚੰਗੀ ਤਰ੍ਹਾਂ ਸੋਧ ਸੁੱਟਿਆ। ਇਹ ਕਿਹੋ ਜਿਹਾ ਨਜ਼ਾਰਾ ਹੋਵੇਗਾ! ਅਹਿਮਦ ਸ਼ਾਹ ਨਾਲ



www.AKJ.Org

ਸਾਰੀ ਜ਼ਿੰਦਗੀ ਇਹੋ ਜਿਹੀ ਨਹੀਂ ਬਣੀ ਹੋਣੀ ! ਸਾਰੇ ਹਿੰਦੁਸਤਾਨ ਦੇ ਇਤਿਹਾਸ ਵਿਚ ਇਹੋ ਜਿਹੀ ਕਿਧਰੇ ਮਿਸਾਲ ਨਹੀਂ ਮਿਲਦੀ, ਜਿਥੇ ਦੇਸ਼ ਉਤੇ ਚੜ੍ਹ ਕੇ ਆਏ ਜਰਵਾਣੇ ਨੂੰ ਇਸ ਤਰ੍ਹਾਂ ਘਰਕਾ ਕੇ ਉਸ ਦਾ ਇੰਜ ਦਮ ਤੋੜਿਆ ਹੋਵੇ ।

ਅਬਦਾਲੀ ਤਾਂ ਆਪਣੇ ਰਾਹੇ ਪਿਆ ਤੇ ਹੁਣ ਵਾਰੀ ਆ ਗਈ ਸਿੰਘਾਂ ਦੀ । ਜਿਹੜਾ ਵੱਟਾ ਅਬਦਾਲੀ ਪਾਇਆ ਸੀ ਉਸੇ ਨਾਲ ਹੁਣ ਹਿਸਾਬ ਕਿਤਾਬ ਤੋਲ ਵਿਚ ਸਾਵਾਂ ਹੋਣ ਲੱਗਾ । ਇਸ ਲੜਾਈ ਵਿਚ ਤੇ ਪਿਛੋਂ ਭਾਂਜ ਖਾ ਕੇ ਜਦ ਦੁਰਾਨੀ ਫੌਜ ਤਿੱਤਰ-ਬਿੱਤਰ ਹੋ ਕੇ ਨੱਸੀ, ਜੋ ਪਠਾਣ ਕੈਦੀ ਬਣਾਏ ਗਏ, ਸਿੰਘਾਂ ਉਨ੍ਹਾਂ ਨੂੰ ਜ਼ੰਜੀਰਾਂ ਵਿਚ ਜਕੜ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਆਂਦਾ । ਸਰੋਵਰ ਦੀ ਸਾਰੀ ਕਾਰ-ਸੇਵਾ ਇਨ੍ਹਾਂ ਪਾਸੋਂ ਕਰਵਾਈ । ਸਿੰਘ ਪਠਾਣਾਂ ਨੂੰ ਕਹਿੰਦੇ ਸਨ ਕਿ ਜਿਹੜਿਆਂ ਹੱਥਾਂ ਨਾਲ ਸਰੋਵਰ ਪੂਰਿਆ ਹੈ ਉਨ੍ਹਾਂ ਨਾਲ ਉਸੇ ਤਰ੍ਹਾਂ ਹੀ ਸਾਫ਼ ਕਰੋ । ਪਠਾਣ-ਮਾਰੀ ਦੇ ਇਹ ਕਾਰ-ਸੇਵਾ ਕਰਦੇ ਸਨ ਤੇ ਸਿੰਘ ਉਤੇ ਨਿਗਰਾਨੀ ਕਰਿਆ ਕਰਦੇ ਸਨ । ਜੋ ਜ਼ਰਾ ਸੁਸਤੀ ਵਿਖਾਉਂਦਾ ਜਾਂ ਢਿੱਲਾ ਕੰਮ ਕਰਦਾ, ਸੇਲਿਆਂ ਤੇ ਨੇਜ਼ਿਆ ਦੀਆਂ ਹੂਲਾਂ ਖਾਂਦਾ । ਇਹੋ ਜਿਹਿਆਂ ਨੂੰ ਸਿੰਘ ਖੜੀ ਲੱਤ ਰਖਦੇ ਤੇ ਕਿਸੇ ਨੂੰ ਭੋਰਾ ਮਾਸਾ ਢਿਲਾ ਨਾ ਹੋਣ ਦਿੰਦੇ । ਜੋ ਮਸੀਤਾਂ ਨਵੀਆਂ ਬਣਾਈਆਂ ਗਈਆਂ ਸਨ ਤੇ ਅਹਿਮਦ ਸ਼ਾਹ ਨੇ ਉਨ੍ਹਾਂ ਨੂੰ ਪਵਿੱਤਰ ਕਰਨ ਲਈ ਅਨੇਕਾਂ ਬੇ-ਦੋਸ਼ੇ ਸਿੰਘਾਂ ਨੂੰ ਕਤਲ ਕਰਵਾ ਕੇ ਉਨ੍ਹਾਂ ਦੇ ਖ਼ੂਨ ਨਾਲ ਧੁਆਇਆ ਸੀ, ਉਨ੍ਹਾਂ ਨੂੰ ਫਿਰ ਧੁਆਇਆ ਗਿਆ । ਉਨ੍ਹਾਂ ਦੀਆਂ ਨੀਂਹਾਂ ਪੁੱਟ ਕੇ ਪਠਾਣਾਂ ਪਾਸੋਂ ਉਤੇ ਸੂਰ ਮਰਵਾਏ ਗਏ । ਵਧੀਕੀਆਂ ਕਰਾਉਣ ਵਾਲੇ ਮੁਲਾਣਿਆਂ ਤੇ ਇਹੋ ਜਿਹੇ ਤੁਅਸਬੀ ਮੁਸਲਮਾਨਾਂ ਨੂੰ ਫੜ ਕੇ ਉਨ੍ਹਾਂ ਦਾ ਖ਼ੂਨ ਪਿਲਾਇਆ ਗਿਆ । ਅਹਿਮਦ ਸ਼ਾਹ ਨੇ ਜੋ ਅਤਿ ਦਰਜੇ ਦੀਆਂ ਵਧੀਕੀਆਂ ਕੀਤੀਆਂ ਸਨ, ਸਿੰਘਾਂ ਨੇ ਤੁਰਤ ਫੁਰਤ ਹੀ ਦੂਣ ਸਵਾਏ ਬਦਲੇ ਉਨ੍ਹਾਂ ਨੂੰ ਮੋੜ ਦਿਤੇ । ਤੇ ਲਲਕਾਰ ਲਲਕਾਰ ਕੇ ਆਖਿਆ ਕਿ ਸਦੋ ਆਪਣੇ ਧਰਮ-ਰਖਿਅਕ ਪਾਤਸ਼ਾਹ ਨੂੰ, ਜੋ ਤੁਹਾਡੀ ਰਖਿਆ ਕਰੇ । ਅਹਿਮਦ ਸ਼ਾਹ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿਤਾ । ਮੁਕਦੀ ਗੱਲ ਇਹ ਕਿ ਉਨ੍ਹਾਂ ਅਬਦਾਲੀ ਨੂੰ ਸਿੱਧ ਕਰ ਦਿਤਾ ਕਿ ਤੇਰੇ ਜ਼ੁਲਮਾਂ ਜਬਰਾਂ ਤੇ ਸਖ਼ਤੀਆਂ ਤੋਂ ਅਸੀਂ ਨਹੀਂ ਡਰਦੇ, ਸਗੋਂ ਸਿਧ ਕਰ ਦਿਤਾ ਕਿ ਅਸੀਂ ਕਰਾਰੇ ਹੱਥੀਂ ਤੁਹਾਨੂੰ ਨਜਿਠ ਸਕਦੇ ਹਾਂ । ਅਸੀਂ ਤੇਰੇ ਵਿਰੁੱਧ ਪੰਜਾਬ ਵਿਚ ਉਹ ਭਾਂਬੜ ਮੱਚਾ ਦਿਆਂਗੇ ਕਿ ਤੈਨੂੰ ਬਚ ਕੇ ਨਿਕਲਣਾ ਵੀ ਮੁਹਾਲ ਹੋ ਜਾਵੇਗਾ ।

ਸਮੇਂ ਨੇ ਹੋਰ ਕਰਵਟ ਬਦਲੀ । ਮਾਘ ਸੰਮਤ ੧੮੨੦ ਬਿਕਰਮੀ (ਮੁਤਾਬਕ ੧੭੬੪ ਈਸਵੀ) ਵਿਚ ਖਾਲਸਾ ਜੀ ਨੇ ਜ਼ੈਨ ਖ਼ਾਂ ਨੂੰ ਘੇਰ ਕੇ ਸ਼ਹਿਰੋਂ ਬਾਹਰ ਹੀ ਸੋਧ ਦਿਤਾ ਤੇ ਸਰਹੰਦ ਮਾਰ ਲਈ । ਸਰਹੰਦ ਦਾ ਚੋਗਿਰਦੇ ਦਾ ਮੁਲਕ ਸਰਦਾਰਾਂ ਆਪੋਂ ਵਿਚ ਵੰਡ ਲਿਆ । ਫਿਰ ਬੁੱਢਾ ਦਲ ਨੇ ਅਗੇ ਵੱਧ ਕੇ ਜਮਨਾ ਟੱਪ ਕੇ ਨਜੀਬੁੱਦੌਲਾ ਦਾ ਇਲਾਕਾ ਜਾ ਸੋਧਿਆ । ਸਰਹੰਦ ਦੀ ਜਿੱਤ ਪਿਛੋਂ ਤਰਨਾ-ਦੱਲ ਪਿਛੇ ਮੁੜਿਆ ਤੇ ਲਾਹੌਰ ਨੂੰ ਰਗੜ ਘੱਤਿਆ ਤੇ ਲਾਹੌਰੋਂ ਮੁਲਤਾਨ ਤੱਕ ਦਾ ਸਾਰਾ ਇਲਾਕਾ ਸੁੱਕ–ਮਾਂਜ ਕਰ ਦਿਤਾ । ਜੋ ਅੜਿਆ, ਬੁਰੀ ਤਰ੍ਹਾਂ ਬਰਬਾਦ ਹੋ ਗਿਆ । ਫਿਰ ਅੱਟਕ ਟੱਪ ਕੇ ਡੇਰਿਆਂ ਉਤੇ ਜਾ ਝੱਪਟੇ ਤੇ ਚੰਗੀ ਤਰ੍ਹਾਂ ਨਿਸਲ ਕਰ ਕੇ ਇਨ੍ਹਾਂ ਨੂੰ ਉਗਰਾਹ ਲਿਆ ।

ਨਜੀਬੁੱਦੌਲਾ ਤੇ ਜਾਟਾਂ ਦੇ ਰਾਜਾ ਸੂਰਜ ਮੱਲ ਵਿਚਕਾਰ ਬੜੀ ਪੁਰਾਣੀ ਦੁਸ਼ਮਣੀ ਚਲੀ ਆਉਂਦੀ ਸੀ । ਨਜੀਬੁੱਦੌਲਾ ਅਹਿਮਦ ਸ਼ਾਹ ਦੇ ਜ਼ੋਰ ਤੇ ਤਹਿੰਗੜਦਾ ਸੀ । ਦੋਹਾਂ ਵਿਚਕਾਰ ਇਕ ਲੜਾਈ ਵਿਚ ਇਕ ਐਸਾ ਢੋ ਢੁਕਿਆ ਕਿ ਸੂਰਜ ਮੱਲ ਮਾਰਿਆ ਗਿਆ । ਸੂਰਜ ਮੱਲ ਦਾ ਪੁਤਰ ਜਵਾਹਰ ਸਿੰਘ ਆਪਣੇ ਬਾਪ ਦਾ ਬਦਲਾ ਨਜੀਬੁੱਦੌਲਾ ਪਾਸੋਂ ਲੈਣਾ ਚਾਹੁੰਦਾ ਸੀ, ਪਰ ਉਸ ਦੀ ਆਪਣੀ ਏਨੀ ਤਾਕਤ ਨਹੀਂ ਸੀ ਕਿ ਨਜੀਬੁੱਦੌਲਾ ਨੂੰ ਵੰਗਾਰ ਸਕੇ । ਇਸ ਕਾਰਜ ਲਈ ਉਸ਼ ਨੇ ਮਰਹੱਟਿਆਂ ਤੇ ਖਾਲਸਾ ਜੀ ਪਾਸੋਂ ਸਹਾਇਤਾ ਮੰਗੀ । ਖਾਲਸਾ ਜੀ ਤਾਂ ਐਸੇ ਹੀ ਮੌਕਿਆਂ ਨੂੰ ਲਭਦੇ ਸਨ । ਝੱਟ ਇਮਦਾਦ ਲਈ ਪਹੁੰਚ ਗਏ । ਤਿੰਨ ਚਾਰ ਮਹੀਨਿਆਂ ਤਕ ਨਜੀਬੁੱਦੌਲਾ ਨੂੰ ਦਿੱਲੀ ਵਿਚ ਘੇਰ ਛੱਡਿਆ ਤੇ ਦਿੱਲੀ ਬੈਠ ਕੇ ਉਸ ਦੇ ਇਲਾਕੇ ਨੂੰ ਉਗਰਾਹੁੰਦੇ ਤੇ ਉਜਾੜਦੇ ਰਹੇ । ਨਜੀਬੁੱਦੌਲਾ ਦਾ ਬੁਰੀ ਤਰ੍ਹਾਂ ਨੱਕ ਵਿਚ ਦਮ ਆ ਗਿਆ । ਉਸ ਨੇ ਅਰਜ਼ੀ



www.AKJ.Org

ਦੇ ਕੇ ਆਪਣਾ ਵਕੀਲ ਅਹਿਮਦਸ਼ਾਹ ਪਾਸ ਘੱਲਿਆ ਕਿ ਬਹੁੜੀ, ਛੇਤੀ ਪਹੁੰਚੋ ਤੇ ਮੈਨੂੰ ਇਸ ਸ਼ਕੰਜੇ ਵਿਚੋਂ ਖਲਾਸੀ ਦਿਵਾਉ।

ਇਸ ਸੱਤਵੇਂ ਹਮਲੇ ਵੇਲੇ ਅਹਿਮਦ ਸ਼ਾਹ ਅਬਦਾਲੀ ਆਇਆ ਤਾਂ ਸਹੀ, ਪਰ ਅਗਾਂਹ ਵੱਧਕੇ ਹਥਿਆਰਬੰਦ ਸਹਾਇਤ੍ਰਾ ਦੀ ਬਜਾਏ ਆਪਣੇ ਨਾਮ ਦੇ ਡਰ ਨਾਲ ਹੀ ਨਜੀਬੁੱਦੌਲਾ ਦੀ ਬੰਦਖਲਾਸੀ ਕਰਾਉਣਾ ਚਾਹੁੰਦਾ ਸੀ। ਪਰ ਖਾਲਸਾ ਜੀ ਤਾਂ ਉਸ ਨੂੰ ਟਿੱਚ ਸਮਝਦੇ ਸਨ, ਉਸਦੇ ਨਾਮ ਦਾ ਡਰ ਉਹ ਕੀ ਜਾਣਦੇ ਸਨ। ਉਸਦੇ ਨਾਮ ਦੇ ਜਾਦੂ ਨੂੰ ਉਨ੍ਹਾਂ ਨੇ ਬੁਰੀ ਤਰ੍ਹਾਂ ਤੋੜ ਗਵਾਇਆ ਸੀ।

ਅਹਿਮਦ ਸ਼ਾਹ ਦੇ ਨਾਮ ਦੇ ਡਰ ਦਾ ਜਾਦੂ ਮਰਹੱਟਿਆਂ ਉਤੇ ਕਾਇਮ ਸੀ, ਮਰਹੱਟਿਆਂ ਜਦ ਸੁਣਿਆ ਕਿ ਅਹਿਮਦਸ਼ਾਹ ਪੰਜਾਬ ਵਲ ਨੂੰ ਚੜ੍ਹ ਪਿਆ ਹੈ ਤਾਂ ਇਨ੍ਹਾਂ ਦੀ ਜਾਨ ਡੁੱਬਣ ਲੱਗ ਪਈ ਸੀ। ਇਸਦਾ ਨਤੀਜਾ ਇਹ ਨਿਕਲਿਆ ਸੀ ਕਿ ਇਹਨਾਂ ਖਾਲਸਾ ਜੀ ਤੋਂ ਪਰਦਾ ਰਖ ਕੇ ਵਿਚ ਪੈ ਕੇ ਨਜੀਬੁੱਦੌਲਾ ਤੇ ਜਵਾਹਰ ਸਿੰਘ ਵਿਚਕਾਰ ਸੁਲਾਹ ਕਰਾ ਦਿਤੀ ਸੀ।

ਇਹ ਹਕੀਕਤ ਸੂਰਜ ਦੇ ਪ੍ਰਕਾਸ਼ ਵਾਂਗ ਸਪਸ਼ਟ ਹੋ ਗਈ ਸੀ। ਇਸ ਸਮੇਂ ਸੰਮਤ ੧੮੨੧ ਬਿ: (੧੭੬੪ ਈ:) ਵਿਚ ਜਦ ਸੱਤਵੇਂ ਹਮਲੇ ਵੇਲੇ ਏਡਾ ਵੱਡਾ ਲਾਮ-ਲਸ਼ਕਰ ਲੈ ਕੇ ਸਿੱਖਾਂ ਵਿਰੁਧ ਧਰਮ ਯੁੱਧ ਕਰਨ ਆਇਆ,ਅਹਿਮਦ ਸ਼ਾਹ ਸਿੰਘਾਂ ਪਾਸੋਂ ਡਰ ਰਿਹਾ ਹੈ। ਉਸ ਪਾਸ ਆਪਣੀ ਅਠ੍ਹਾਰਾਂ ਹਜ਼ਾਰ ਦੁਰਾਨੀ ਫੌਜ ਹੈ : ਕਾਬਲੀ ਮੱਲ ਦੀ ਫੌਜ ਵੀ ਲਾਹੌਰ ਵਿਚ ਮੌਜੂਦ ਹੈ। ਉਹ ਅਫ਼ਗਾਨਿਸਤਾਨ ਤੋਂ ਆ ਕੇ ਐਮਨਾਬਾਦ ਡੇਰੇ ਲਾ ਕੇ ਮੁਹੰਮਦ ਨਸੀਰ ਖ਼ਾਂ ਬਲੋਚ ਨੂੰ ਕਈ ਦਿਨਾਂ ਤਕ ਉਡੀਕਦਾ ਰਹਿੰਦਾ ਹੈ। ਪਰ ਲਾਹੌਰ ਨਹੀਂ ਆਉਂਦਾ। ਜਦ ਤਕ ਮੁਹੰਮਦ ਨਸੀਰ ਖਾਂ ਬਾਰ੍ਹਾਂ ਹਜ਼ਾਰ ਅਸਵਾਰ ਲੈ ਕੇ ਆਣ ਨਹੀਂ ਮਿਲਦਾ, ਇਹ ਐਮਨਾਬਾਦੋਂ ਹਿਲਦਾ ਤਕ ਨਹੀਂ। ਇਹ ਉਹ ਸਮਾਂ ਹੈ ਜਦ ਕਿ ਖਾਲਸਾ ਜੀ ਦਾ ਵੱਡਾ ਹਿੱਸਾ, ਭਾਵ ਬੁੱਢਾ ਦੱਲ, ਦਿੱਲੀ ਵਿਚ ਨਜੀਬੁੱਦੌਲਾ ਨੂੰ ਘੇਰੀ ਬੈਠਾ ਹੈ। ਪੰਜਾਬ ਵਿਚ ਤਰਨਾ ਦੱਲ ਦੇ ਹੀ ਕੁਝ ਸਰਦਾਰ ਹਨ। ਕਨ੍ਹਈਆ ਤੇ ਰਾਮਗੜ੍ਹੀਏ ਸਰਦਾਰ ਰਿਆੜਕੀ ਵਲ ਸਨ। ਭੰਗੀ ਸਰਦਾਰ ਲਾਹੌਰ ਤੇ ਮੁਲਤਾਨ ਦੇ ਸੱਨ੍ਹ ਵਿਚ ਤੇ ਕੁਝ ਮਾਝੇ ਵਿਚ ਸਨ। ਅਹਿਮਦਸ਼ਾਹ ਦੇ ਰਾਹ ਉਤੇ ਸਿਰਫ ਸੁਕਰਚੱਕੀਆ ਸਰਦਾਰ ਚੜ੍ਹਤ ਸਿੰਘ ਹੀ ਮੌਜੂਦ ਸੀ, ਜੋ ਆਪਣੇ ਪਾਸ ਥੋੜੀ ਜਿਹੀ ਗਿਣਤੀ ਨਾਲ ਹੀ ਅੱਗੇ ਹੋ ਕੇ "ਜੀ ਆਇਆ" ਆਖਣ ਆਇਆ ਸੀ। ਅਹਿਮਦ ਸ਼ਾਹ ਪਾਸ ਬੜੀ ਤਕੜੀ ਫੌਜ ਹੈ। ਲਾਹੌਰ ਦੀ ਫੌਜ ਸ਼ਾਮਿਲ ਹੈ, ਪਰ ਉਸ ਨੂੰ ਹੌਸਲਾ ਨਹੀਂ ਪੈਂਦਾ ਕਿ ਘਲੂਘਾਰੇ ਦੇ ਸਮੇਂ ਵਾਂਗ ਅਗੇ ਹੋ ਕੇ ਸਿੰਘਾਂ ਦੇ ਗਲ ਪਵੇ। ਸਿੰਘਾਂ ਦੀ ਜਿਧਰੋਂ ਮਰਜ਼ੀ ਹੁੰਦੀ ਆਣ ਪੈਂਦੇ, ਫੌਜ ਵਿਚ ਤੜਥੱਲੀ ਮਚਾ ਦਿੰਦੇ, ਦੁਰਾਨੀ ਸਿਰਫ ਆਪਣੇ ਬਚਾਓ ਦੀ ਹੀ ਲੜਾਈ ਲੜਦੇ, ਅਗੇ ਵਧ ਕੇ, ਜੀ ਤੋੜ ਕੇ, ਸਿੰਘਾਂ ਦੇ ਗਲ ਪੈ ਕੇ, ਇਕ ਤੋਂ ਇਕ ਕਰ ਦੇਣ ਲਈ ਲੜਨ ਦਾ ਇਨ੍ਹਾਂ ਵਿਚ ਹੌਸਲਾ ਹੀ ਨਾ ਪੈਂਦਾ। ਏਡਾ ਤਜਰਬੇਕਾਰ ਪਾਤਸ਼ਾਹ, ਸਿਕੰਦਰ ਸਾਨੀ ਤੇ ਪਾਨੀਪਤ ਦਾ ਜਿਜਈ, ਤੇ ਨਾਲ ਹੁੰਦੇ ਪਰਖ ਜਰਨੈਲ ਤੇ ਕੋਲ ਉਹ ਲਸ਼ਕਰੇ-ਜਰਾਰ, ਜਿਸ ਨੇ ਇਹੋ ਜਿਹੀਆਂ ਕਈ ਮੁਹਿੰਮਾਂ ਸਿਰਾਂ ਉਤੋਂ ਦੀ ਲੰਘਾ ਛੱਡੀਆਂ ਸਨ, ਤੇ ਲੜਾਈ ਸੂਰਜ ਚੜ੍ਹੇ ਨਾਲ ਸ਼ੁਰੂ ਹੋਵੇ ਤੇ ਡੁਬਦੇ ਤਕ ਕੋਈ ਸਿੱਟਾ ਹੀ ਨਾ ਨਿਕਲੇ! ਕਾਹਦੀ ਲੜਾਈ ਹੋਈ ਇਹ! ਸਰਦਾਰ ਚੜ੍ਹਤ ਸਿੰਘ ਪਾਸ ਭਲਾ ਕਿੰਨੀ ਕੁ ਫੌਜ ਹੋਣੀ ਏ! ਮਸਾਂ ਲੈ ਦੇ ਕੇ ਦੋ ਜਾਂ ਤਿੰਨ ਹਜ਼ਾਰ ਸਿੰਘ ਹੋਣਗੇ। ਕੀ ਗਿਣਤੀ ਹੈ ਇਡੀ ਵੱਡੀ ਤਜਰਬੇਕਾਰ ਫੌਜ ਤੇ ਏਡੇ ਵੱਡੇ ਜਰਨੈਲ ਦੇ ਸਾਹਮਣੇ।

ਪਹਿਲਾਂ ਛੇ ਹਲਿਆਂ ਵਿਚ ਅਹਿਮਦਸ਼ਾਹ ਨੇ ਖ਼ਾਲਸਾ ਜੀ ਅਤੇ ਉਹਨਾਂ ਦੇ ਲੜਨ-ਢੰਗਾਂ ਬਾਰੇ ਕਾਫੀ ਤਜਰਬਾ ਤੇ ਜਾਣਕਾਰੀ ਹਾਸਲ ਕਰ ਲਈ ਹੈ। ਅਹਿਮਦ ਸ਼ਾਹ, ਉਸ ਦਾ ਵੱਡਾ ਵਜ਼ੀਰ ਸ਼ਾਹਵੱਲੀ ਖਾਂ, ਤੇ ਵੱਡਾਂ ਜਰਨੈਲ ਜਹਾਨ ਖ਼ਾਂ ਸਿੰਘਾਂ ਦੇ ਹੱਥ ਵੇਖ ਚੁਕੇ ਹਨ। ਖਾਲਸਾ ਜੀ ਦੀ ਤੇਗ ਦੀ ਮਾਰ ਦਾ ਵੀ ਉਹਨਾਂ ਨੂੰ ਚੰਗਾ ਗਿਆਨ ਹੈ। ਅਸਲ ਗੱਲ ਇਹ ਹੈ ਕਿ ਅੰਦਰੋ ਅੰਦਰ ਉਹਨਾਂ ਦੇ ਦਿਲ ਖਾਲਸਾ ਜੀ ਦੀ ਤਾਕਤ ਤੋਂ



www.AKJ.Org

ਡੁੱਬਦੇ ਜਾਂਦੇ ਸਨ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਉਤੋਂ ਉਤੋਂ ਕੇਵਲ ਵਿਖਾਵੇ ਦੀ ਖ਼ਾਤਰ ਬੜੀਆਂ ਡੀਂਗਾਂ ਮਾਰਦੇ ਸਨ ਕਿ ਸਿੱਖ ਕਿਧਰੇ ਨਜ਼ਰ ਹੀ ਨਹੀਂ ਆਉਂਦੇ, ਨਹੀਂ ਤਾਂ ਅਸੀਂ ਇਹਨਾਂ ਦਾ ਤਲਾ-ਮੂਲ ਪੁੱਟ ਛੱਡੀਏ। ਹੁਣ ਇਹ ਅਸਲ ਵਿਚ ਉਹ ਅਹਿਮਦ ਸ਼ਾਹ ਨਹੀਂ ਰਹਿ ਗਿਆ, ਜੋ ਅਜ ਤੋਂ ਦੋ ਤਿੰਨ ਸਾਲ ਪਹਿਲਾਂ ਸੀ। ਇਹਨਾਂ ਦੋ-ਤਿੰਨਾਂ ਸਾਲਾਂ ਵਿਚ ਸਿੰਘਾਂ ਨੇ ਉਹ ਹੱਥ ਵਿਖਾਏ ਸਨ ਕਿ ਜਦ ਸਿੰਘਾਂ ਬਾਰੇ ਪਤਾ ਲਗਦਾ ਹੈ ਕਿ ਉਹ ਗੁਰੂ ਚੱਕ ਬੈਠੇ ਹਨ ਤਾਂ ਕੁਪ ਰਹੀੜੇ ਵਾਂਗ ਉਸ ਪਾਸੇ ਨੂੰ ਮੂੰਹ ਨਹੀਂ ਕਰਦਾ। ਪਰ ਗੁਰੂ ਚੱਕ ਜਾਇਆਂ ਬਿਨਾਂ ਵੀ ਨਹੀਂ ਸਰਦਾ। ਵਿਚੋਂ ਦਿਲ ਸਾਥ ਨਹੀਂ ਦਿੰਦਾ। ਪਰ ਲੋਕ-ਲਾਜ ਦਾ ਮਾਰਿਆ ਤੁਰ ਤਾਂ ਪੈਂਦਾ ਹੈ, ਪਰ ਚਾਰ ਦਿਨ ਰਾਹ ਵਿਚ ਹੀ ਗੁਜ਼ਾਰ ਦਿੰਦਾ ਹੈ। ਸਾਰਾ ਭਾਰਾ ਸਮਾਨ ਵੀ ਪਿਛੇ ਲਾਹੌਰ ਹੀ ਛੱਡ ਦਿੰਦਾ ਹੈ। ਤੇ ਸਾਰੀ ਘੋੜ-ਚੜ੍ਹੀ ਸੈਨਾ ਨਾਲ ਲੈ ਲੈਂਦਾ ਹੈ। ਜੇ ਚਾਰ ਦਿਨ ਰਾਹ ਵਿਚ ਹੀ ਲਾਉਣੇ ਸਨ ਤਾਂ ਇਹ ਸਮਾਨ ਪਿਛੇ ਛੱਡਣ ਦਾ ਕੀ ਅਰਥ? ਜੇ ਸਮਾਨ ਛੱਡ ਕੇ ਤੁਰਿਆ ਤਾਂ ਇਸ ਲਈ ਕਿ ਤੂਫਾਨ ਦੀ ਰਫ਼ਤਾਰ ਨਾਲ ਦੁਸ਼ਮਣ ਦੇ ਸਿਰ ਤੇ ਅੱਪੜ ਸਕੇ। ਫਿਰ ਰਾਹ ਵਿਚ ਚਾਰ ਦਿਨ ਕਿਉਂ ਲਾਏ? ਇਉਂ ਜਾਪਦਾ ਕਿ ਏਨੀ ਫੌਜ ਦੇ ਹੁੰਦਿਆਂ ਵੀ ਉਸਨੂੰ ਨਿਸਚਾ ਨਹੀਂ ਕਿ ਉਸਦੇ ਦੁਰਾਨੀ ਸਿਪਾਹੀ ਸਿੰਘਾਂ ਅਗੇ ਅੜ ਸਕਣਗੇ? ਸ਼ਾਇਦ ਸਿੰਘ ਘਾਤ ਹੀ ਲਾਈ ਬੈਠੇ ਹੋਣ। ਜੇ ਕਿਤੇ ਗਿਣਤੀ ਜ਼ਿਆਦਾ ਹੋਈ ਤਾਂ ਪਿਛਾਂਹ ਨੂੰ ਭੱਜਣ ਲਗਿਆਂ ਇਹ ਸਮਾਨ ਹੀ ਨਾ ਹੱਥੋਂ ਗੁਆ ਬੈਠੇ। ਸਿੰਘਾਂ ਦੀ ਇਕ ਨਾ ਇਕ ਕਰ ਦੇਣ ਦੀ ਬਜਾਏ ਉਸਦੀ ਹੌਲੇ ਭਾਰ ਪਿਛਾਂਹ ਨੂੰ ਤੇਜ਼ੀ ਨਾਲ ਭੱਜਣ ਉਤੇ ਟੇਕ ਜ਼ਿਆਦਾ ਜਾਪਦੀ ਹੈ। ਇਹ ਤੱਥ ਉਸ ਦੇ ਦਮਗਜਿਆਂ ਦਾ ਪਰਦਾ ਚਾਕ ਕਰ ਦਿੰਦੇ ਹਨ। ਇਹ ਸਹਿਮ ਤੇ ਡਰ ਕਿ ਸਿੱਖ ਕਿਤੇ ਵੱਡੀ ਗਿਣਤੀ ਵਿਚ ਅਚਨਚੇਤ ਹੀ ਆ ਪੈਣਗੇ, ਉਸ ਦੇ ਦਿਲ ਨੂੰ ਜਕੜੀ ਬੈਠਾ ਜਾਪਦਾ ਹੈ। ਇਹੋ ਹੀ ਕਾਰਨ ਸੀ ਕਿ ਉਹ ਸ੍ਰੀ ਅੰਮ੍ਰਿਤਸਰ ਤੁਰੰਤ ਅਪੜਨ ਤੋਂ ਝਿਜਕਦਾ ਸੀ। ਚਾਰ ਦਿਨ ਰਾਹ ਵਿਚ ਬਤੀਤ ਕਰਨ ਦਾ ਅਰਥ ਤਾਂ ਇਹੋ ਹੈ ਕਿ ਹਰ ਮੰਜ਼ਿਲ ਤੇ ਪਤਾ ਕਰਦੇ ਹੋਣਾ, ਕਿਤੇ ਲਾਗੇ ਬੰਨੇ ਸਿੰਘ ਤਾਂ ਨਹੀਂ। ਜਦ ਯਕੀਨ ਹੋ ਜਾਂਦਾ ਹੋਊ ਕਿ ਏਥੋਂ ਕੁ ਤੱਕ ਕੋਈ ਖਤਰਾ ਨਹੀਂ, ਬੱਸ ਫਿਰ ਚਾਰ ਪੰਜ ਕੋਹ ਅਗੇ ਹੋ ਕੇ ਡੇਰੇ ਲਾ ਦਿੰਦਾ ਹੋਊ। ਕਿਉਂਕਿ ਉਸ ਨੂੰ ਅਜੇ ਭੁਲਾ ਨਹੀਂ ਕਿ ਇਸੇ ਹੀ ਰਾਹੇ ਅਜ ਤੋਂ ਮਸਾਂ ਸਵਾ ਕੁ ਸਾਲ ਪਹਿਲਾਂ ਸਿੰਘਾਂ ਤੋਂ ਭਾਂਜ ਖਾ ਕੇ ਉਹ ਨਸਿਆ ਸੀ ਤੇ ਡਿਗਦਾ ਢਹਿੰਦਾ ਲਾਹੌਰ ਅਪੜਿਆ ਸੀ।

ਅਹਿਮਦ ਸ਼ਾਹ ਦੀ ਤਾਕਤ ਦੇ ਜਾਦੂ ਤੇ ਉਸਦੇ ਅਜਿੱਤ ਹੋਣ ਦੇ ਹਊਏ ਨੇ ਇਤਿਹਾਸਕਾਰਾਂ ਦੇ ਮਨਾਂ ਉਤੇ ਇਸ ਕਿਸਮ ਦੀ ਜਕੜ ਮਾਰੀ ਹੋਈ ਹੈ ਕਿ ਉਹ ਕਿਸੇ ਹੋਰ ਤਾਕਤ ਦੀ ਹੋਂਦ ਨੂੰ, ਜੋ ਉਸ ਤੋਂ ਕਿਤੇ ਪਰਬਲ ਹੈ ਤੇ ਉਸ ਨਾਲ ਲੋਹਾ ਲੈ ਕੇ ਮੈਦਾਨ ਵਿਚ ਉਸ ਦੀ ਤਾਕਤ ਨੂੰ ਚਿੱਤ ਕਰ ਚੁੱਕੀ ਹੈ ਤੇ ਉਸ ਦੇ ਦਿਲ ਵਿਚ ਖਾਲਸੇ ਦੀ ਬਹਾਦਰੀ ਦਾ ਡਰ ਬਿਠਾ ਦਿਤਾ ਹੈ ਜੋ ਕਿ ਉਸ ਦੀ ਨਕਲੋ-ਹਰਕਤ ਤੋਂ ਪੂਰੀ ਤਰ੍ਹਾਂ ਜ਼ਾਹਿਰ ਹੁੰਦਾ ਹੈ, ਇਹ ਲੋਕ ਮੰਨਣ ਨੂੰ ਤਿਆਰ ਨਹੀਂ।

ਇਕ-ਪੱਖੀ ਨਜ਼ਰੀਆ ਰੱਖਣ ਵਾਲੇ ਸਾਰੀ ਹਕੀਕਤ ਨੂੰ ਵੇਖਣੋਂ ਅਸਮਰਥ ਹੁੰਦੇ ਹਨ। ਇਹਨਾਂ ਨੂੰ ਇਹ ਨਿਸਚਾ ਕਰਨਾ ਅਸੰਭਵ ਹੈ ਕਿ ਹੈਂ! ਕੀ ਪਾਨੀਪਤ ਦਾ ਜੇਤੂ ਪਾਨੀਪਤ ਦੀ ਲੜਾਈ ਤੋਂ ਪੌਣੇ ਦੋ ਸਾਲ ਮਗਰੋਂ ਹੀ ਸਿੰਘਾਂ ਤੋਂ ਏਨੀ ਮਾਰ ਖਾ ਕੇ ਉਹਨਾਂ ਦੇ ਅਗੇ ਲਗ ਕੇ ਨੱਸ ਉਠਾ ਹੋਊ! ਕਬੂਤਰ ਵਾਂਗ ਅੱਖਾਂ ਮੀਟ ਕੇ ਇਹ ਲੋਕ ਹਕੀਕਤ ਤੇ ਅਸਲੀਅਤ ਨੂੰ ਅਦਿੱਖ ਬਣਾ ਰਹੇ ਹਨ। ਤਰੱਠੇ ਹੋਏ ਇਤਿਹਾਸਕਾਰ ਹੌਸਲਾ ਕਰ ਕੇ ਨਿਸਚਾ ਕਰਨ ਕਿ ਇਹ ਗੱਲ ਇੰਨ ਬਿੰਨ ਦਰੁਸਤ ਹੈ, ਜਿਸ ਗੱਲ ਦਾ ਇਹਨਾਂ ਨੂੰ ਨਿਸਚਾ ਨਹੀਂ। ਕਾਜ਼ੀ ਨੂਰ ਮੁਹੰਮਦ ਖ਼ੁਦ ਦਸ ਰਿਹਾ ਹੈ ਕਿ ਇਹ ਗਲ ਦਰੁਸਤ ਹੈ। ਇਸ ਹੱਲੇ ਵਿਚ ਉਹ ਸ਼ਾਮਲ ਹੈ ਤੇ ਉਸ ਦੀ ਗਵਾਹੀ ਇਕ ਤਸਦੀਕੀ ਮੁਹਰ ਹੈ। ਇਤਿਹਾਸਕਾਰਾਂ ਨੂੰ ਨਿਰਮੂਲ ਹੀ ਅਹਿਮਦਸ਼ਾਹ ਦੀ ਬਹਾਦਰੀ ਦੇ ਪੁਲ ਬੰਨ੍ਹਣ ਦੀ ਲੋੜ ਨਹੀਂ। ਜੇ ਉਹ ਹੱਕ ਸੱਚ ਦੇ ਹਾਮੀ ਹਨ ਤੇ ਇਤਿਹਾਸ ਵਿਚ ਖੋਟ ਲਰਣ ਦੇ ਹਾਮੀ ਨਹੀਂ ਤਾਂ ਉਨ੍ਹਾਂ ਨੂੰ ਖਾਲਸੇ ਦੀ ਅਦੁੱਤੀ ਬਹਾਦਰੀ ਤੇ ਚਕਾ-ਚੌਂਦ ਕਰ ਦੇਣ ਵਾਲਿਆਂ



www.AKJ.Org

ਕਾਰਨਾਮਿਆਂ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਜਿਨ੍ਹਾਂ ਪੰਜਾਬ ਵਿਚ ਐਸਾ ਕਰੜਾ ਪਹਿਰਾ ਲਾਇਆ ਕਿ ਮੁੜ ਉਸ ਨੂੰ ਸਾਰੀ ਉਮਰ ਦਿੱਲੀ ਨਹੀਂ ਅਪੜਨ ਦਿੱਤਾ। ਸੱਚ ਦੇ ਪਾਰਖੂ ਇਸ ਹਕੀਕਤ ਨੂੰ ਕਿਵੇਂ ਅਖੋਂ ਉਹਲੇ ਕਰ ਸਕਦੇ ਹਨ। ਸੱਚ ਨੂੰ ਦਬਾਉਣਾ ਪਾਪ ਹੈ।

ਲਾਹੌਰੋਂ ਤੁਰ ਕੇ ਅਹਿਮਦਸ਼ਾਹ ਬੜੀ ਢਿਲੀ ਚਾਲੇ ਸ੍ਰੀ ਅੰਮ੍ਰਿਤਸਰ ਨੂੰ ਤੁਰਦਾ ਹੈ। ਉਹ ਜਾਣ ਬੁਝ ਕੇ ਸ੍ਰੀ ਅੰਮ੍ਰਿਤਸਰ ਬੈਠੇ ਸਿੰਘਾਂ ਨੂੰ ਮੌਕਿਆ ਦੇ ਰਿਹਾ ਹੈ ਕਿ ਉਸ ਦੇ ਅਪੜਨ ਤੋਂ ਪਹਿਲੋਂ ਏਥੋਂ ਪਾਸੇ ਹੋ ਜਾਣ। ਕਿਉਂ? ਇਕ ਡਰ ਉਸ ਤੋਂ ਇਹ ਸਭ ਕੁਝ ਕਰਾ ਰਿਹਾ ਹੈ। ਉਸ ਨੂੰ ਸਗੋਂ ਚਾਹੀਦਾ ਸੀ ਕਿ ਅੱਧੀ ਰਾਤ ਨੂੰ ਕੂਚ ਕਰਦਾ ਤੇ ਰਾਤੋ ਰਾਤ ਸ੍ਰੀ ਅੰਮ੍ਰਿਤਸਰ ਅਪੜ ਜਾਂਦਾ ਤੇ ਸੂਰਜ ਚੜ੍ਹਦੇ ਦੇ ਨਾਲ ਹੀ ਸਿੰਘਾਂ ਉਤੇ ਟੁਟ ਪੈਂਦਾ। ਪਰ ਉਹ ਐਸਾ ਕਿਉਂ ਨਹੀਂ ਕਰ ਰਿਹਾ। ਸਪਸ਼ਟ ਹੈ ਕਿ ਜਾਣ ਬੁਝ ਕੇ ਹੀ ਨਹੀਂ ਕਰ ਰਿਹਾ। ਭਾਈ ਗੁਰਬਖਸ਼ ਸਿੰਘ ਦੇ ਜਥੇ ਦੀ ਜੇ ਸ਼ਹੀਦ ਹੋਣ ਦੀ ਨੀਅਤ ਨਾ ਹੁੰਦੀ ਤਾਂ ਉਹ ਵੀ ਏਨਿਆਂ ਦਿਨਾਂ ਵਿਚ ਏਧਰ ਉਧਰ ਹੋ ਕੇ ਟਾਲਾ ਕਰ ਸਕਦੇ ਸਨ। ਪਰ ਉਹ ਤਾਂ ਬੈਠੇ ਹੀ ਗੁਰੂ ਘਰ ਦੇ ਲੇਖੇ ਲਗਣ ਲਈ ਸਨ। ਏਸੇ ਲਈ ਉਹ ਦੁਰਾਨੀ ਫੌਜ ਨੂੰ ਉਡੀਕਦੇ ਰਹੇ। ਅਹਿਮਦਸ਼ਾਹ ਦੇ ਆਉਂਦਿਆਂ ਹੀ ਇਹ ਮਿਆਨਾਂ ਵਿਚੋਂ ਸੂਤ ਕੇ ਪਠਾਣਾਂ ਦੇ ਗਲ ਜਾ ਪਏ ਤੇ ਆਪਣੀ ਸ਼ਹਾਦਤ ਦਾ ਫਰਜ਼ ਨਿਭਾ ਗਏ।

ਜਹਾਦ ਵਿਚ ਹਰ ਪੱਗ-ਬੰਨ੍ਹ ਮੁਸਲਮਾਨ ਲਈ ਸ਼ਾਮਲ ਹੋਣਾ ਫਰਜ਼ ਹੈ। ਚੜ੍ਹਤ ਸਿੰਘ ਦੋ ਤਿੰਨ ਹਜ਼ਾਰ ਸਵਾਰ ਲਈ ਗੁਜਰਾਂਵਾਲੇ ਦੀ ਜੂਹ ਵਿਚ ਬੈਠਾ ਹੈ, ਪਰ ਕਿਸੇ ਮੁਸਲਮਾਨ ਨੇ ਜਾਂ ਹਕੂਮਤੀ ਮੁਲਾਜ਼ਮ ਨੇ ਅਹਿਮਦਸ਼ਾਹ ਨੂੰ ਇਤਲਾਹ ਨਹੀਂ ਦਿਤੀ ਕਿ ਫਲਾਣੀ ਥਾਂ ਸਿੱਖਾਂ ਦਾ ਦਲ ਬੈਠਾ ਹੈ। ਅਹਿਮਦਸ਼ਾਹ ਖ਼ੁਦ ਐਮਨਾਬਾਦ ਬੈਠਾ ਹੈ। ਐਮਨਾਬਾਦ ਗੁਜਰਾਂਵਾਲੇ ਤੋਂ ਕੋਈ ਦੂਰ ਵੀ ਨਹੀਂ। ਲਾਹੌਰ ਵਲ ਨੂੰ ਸ: ਚੜ੍ਹਤ ਸਿੰਘ ਦੀ ਫੌਜ ਤੁਰਦੀ ਹੈ, ਪਰ ਕਿਸੇ ਨੂੰ ਕੋਈ ਪਤਾ ਨਹੀਂ ਲਗਦਾ। ਕਿਉਂ? ਕੋਈ ਵੀ ਸਿਖਾਂ ਨਾਲ ਅਜਾਈਂ ਵੈਰ ਨਹੀਂ ਵਿਹਾਜਣਾ ਚਾਹੁੰਦਾ। ਅਹਿਮਦਸ਼ਾਹ ਦੀ ਆਪਣੀ ਫੌਜ ਵੀ ਡੇਰਾ ਛਡ ਕੇ ਦੂਰ ਤਕ ਜਾ ਕੇ ਗਸ਼ਤ ਕਰ ਕੇ ਦੁਸ਼ਮਣ ਦੀ ਸੂਹ ਕਢਦੀ ਨਹੀਂ ਜਾਪਦੀ। ਅਹਿਮਦਸ਼ਾਹ ਦੀ ਫੌਜ ਆਪਣੇ ਮੁਲਕ ਵਿਚ ਹੀ ਡਰ ਰਹੀ ਹੈ।

ਲਾਹੌਰ ਲਾਗੇ ਸ: ਚੜ੍ਹਤ ਸਿੰਘ ਨੇ ਹੱਲਾ ਕੀਤਾ ਹੈ, ਸਿਰਫ ਫੌਜ ਹੀ ਬਾਹਰ ਨਿਕਲ ਕੇ ਲੜਦੀ ਹੈ। ਕਾਜ਼ੀ ਜੀ ਨਹੀਂ ਦਸਦੇ ਕਿ ਅਸਲਾਮੀ ਜਹਾਦ ਵਿਚ ਲਾਹੌਰ ਦੇ ਮੁਸਲਮਾਨ ਕਿਉਂ ਸ਼ਾਮਲ ਨਹੀਂ ਹੋਏ। ਮੁਸਲਮਾਨ ਵੀ ਸਮਝਦੇ ਸਨ ਕਿ ਧਰਮ-ਰਖਿਅਕ ਨੇ ਬਹਿ ਤਾਂ ਰਹਿਣਾ ਨਹੀਂ। ਇਹ ਲੁਟ-ਪੁਟ ਕੇ ਤੁਰਦਾ ਬਣੂੰ, ਮਗਰੋਂ ਪੇਸ਼ ਆਉਣਗੀਆਂ ਸਾਡੇ। ਫਿਰ ਅਗੇ ਚਲ ਕੇ ਦਸਦੇ ਹਨ ਕਿ ਵਟਾਲੇ ਵਲ ਨੂੰ ਕੂਚ ਵੇਲੇ ਪਾਤਸ਼ਾਹ ਨੇ ਲੁਟਣ ਲਈ ਫੌਜ ਨੂੰ ਸਾਰਾ ਇਲਾਕਾ ਬਖਸ਼ ਦਿਤਾ ਤੇ ਅਸਾਂ ਨਾ ਕੋਈ ਹਿੰਦੂ ਛਡਿਆ ਤੇ ਨਾ ਮੁਸਲਮਾਨ। ਇਤਿਹਾਸਕਾਰ ਇਸ ਸਚਾਈ ਬਾਰੇ ਕੀ ਕਹਿਣਗੇ? ਇਹ ਧਰਮ-ਰਖਿਅਕ ਤੇ ਮੁਸਲਮਾਨ ਰਖਿਅਕ ਗਾਜ਼ੀ ਪਾਤਸ਼ਾਹ ਨੂੰ ਸੋਭਦਾ ਹੈ ਕਿ ਜਿਨ੍ਹਾਂ ਦੀ ਰਕਸ਼ਾ ਕਰਨੀ ਹੈ ਉਨ੍ਹਾਂ ਨੂੰ ਵੀ ਲੁਟੀ ਜਾਵੇ?

---

**ਸੋਧ ਲਵੋ ਜੀ**—ਜੂਨ ਮਹੀਨੇ ਦੇ 'ਸੂਰਾ' ਵਿਚ ਇਸੇ ਲੇਖ ਦੀ ੨੨ਵੀਂ ਕਿਸ਼ਤ ਵਿਚ ਸਫਾ ੩੪ ਦੇ ਹੇਠ ਫੁਟ ਨੋਟ ਦੀ ਪਹਿਲੀ ਸਤਰ ਵਿਚ 'ਤਨਕੀਜ਼' ਦੀ ਥਾਂ 'ਤਕਰੀਜ਼' ਪੜ੍ਹੋ, ਜਿਸ ਦੇ ਅਰਥ ਹਨ ਜੀਉਂਦੇ ਮਨੁਖਾਂ ਦੀ ਉਸਤਤ ਕਰਨਾ,ਜੋ ਆਮ ਤੌਰ ਤੇ ਪੁਸਤਕਾਂ ਦੇ ਅੰਤ ਵਿਚ ਦਿਤੀ ਹੁੰਦੀ ਹੈ।

(੨) ਇਸੇ ਲੇਖ ਦੇ ਸਫਾ ੩੭ ਦੇ ਹੇਠ ਦੂਜੇ ਨੋਟ ਵਿਚ "ਭਾਈ ਗੁਰਬਖਸ਼ ਸਿੰਘ ਸ਼ਹੀਦ" ਖੇਮ ਕਰਨ ਦੇ ਰਹਿਣ ਵਾਲੇ ਲਿਖਿਆ ਹੈ। ਇਹ ਅਸਲ ਵਿਚ ਖੇਮ ਕਰਨ ਦੇ ਉਤਰ ਪਛਮ ਵਲ ਸਤ ਅਠ ਕਿਲੋਮੀਟਰ ਦੀ ਦੂਰੀ ਤੇ 'ਲੀਲ੍ਹ' ਪਿੰਡ ਦੇ ਵਾਸੀ ਸਨ, ਜੋ ਪਿੰਡ ਚੱਠਿਆਂ ਵਾਲਾ ਤੋਂ ਇਕ ਜਾਂ ਡੇਢ ਕਿਲੋ ਮੀਟਰ ਦੇ ਪਛਮ ਪਾਸੇ ਹੈ। ਇਹ ਪਿੰਡ ਪਾਕਿਸਤਾਨ ਦੀ ਵੰਡ ਵਿਚ ਆ ਗਿਆ ਹੋਇਆ ਹੈ।



www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਵਿਸ਼ਾਲ ਜੀਵਨ

ਮਹਾਨ ਜੀਵਨ ਵਾਲੇ ਭਾਈ ਸਾਹਿਬ ਰਣਧੀਰ ਸਿੰਘ ਜੀ ਉਨ੍ਹਾਂ ਹਠੀਆਂ, ਜਪੀਆਂ, ਤਪੀਆਂ, ਨਾਮ ਰਸੀਆਂ ਤੇ ਮਹਾਂ ਪੁਰਖਾਂ ਵਿਚੋਂ ਸਨ ਜਿਨ੍ਹਾਂ ਦਾ ਜ਼ਿਕਰ ਅਸੀਂ ਨਿਤ ਆਪਣੀ ਅਰਦਾਸ ਵਿਚ ਕਰਦੇ ਹਾਂ। ਉਨ੍ਹਾਂ ਨੇ ਸਾਰੀ ਉਮਰ ਗੁਰਮਤਿ ਰਹਿਣੀ ਬਹਿਣੀ ਵਿਚ ਰਹਿ ਕੇ ਗੁਰਮਤਿ ਅਸੂਲਾਂ ਤੇ ਪਹਿਰਾ ਦਿਤਾ ਅਤੇ ਇਨ੍ਹਾਂ ਅਸੂਲਾਂ ਨੂੰ ਨਿਭਾਉਣ ਖ਼ਾਤਰ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਜੋ ਭਿਆਨਕ ਤੋਂ ਭਿਆਨਕ ਤਸੀਹਿਆਂ ਅਤੇ ਕਸ਼ਟਾਂ ਦਾ ਟਾਕਰਾ ਕਰਨਾ ਪਿਆ ਉਨ੍ਹਾਂ ਦਾ ਜ਼ਿਕਰ ਵਿਸਥਾਰ ਸਹਿਤ ਉਨ੍ਹਾਂ ਦੀ ਆਪਣੀ ਲਿਖਤ ਜੇਲ੍ਹ-ਚਿੱਠੀਆਂ ਵਿਚ ਉਜਾਗਰ ਹੈ।

ਅਸੀਂ ਹੇਠਾਂ ਉਨ੍ਹਾਂ ਦੇ ਜੀਵਨ ਬਾਰੇ ਕੁਝ ਤਥ ਦੇ ਰਹੇ ਹਨ ਜੋ ਉਨ੍ਹਾਂ ਦੇ ਚਲਾਣੇ ਸਮੇਂ ਵਖ-ਵਖ ਵਿਅਕਤੀਆਂ ਵਲੋਂ ਸ਼ਰਧਾਂਜਲੀ ਰੂਪ ਵਿਚ ਪੇਸ਼ ਕੀਤੇ ਗਏ ਸਨ। ਇਹ ਸ਼ਰਧਾਂਜਲੀਆਂ ਭੇਟ ਕਰਨ ਵਾਲੇ ਸਜਣਾਂ ਵਿਚ ਪੰਥ ਦੇ ਮੁਖੀ ਲੀਡਰ ਮਾਸਟਰ ਤਾਰਾ ਸਿੰਘ ਜੀ, ਸੰਤ ਫ਼ਤਹ ਸਿੰਘ ਜੀ, ਸ: ਮੰਗਲ ਸਿੰਘ ਜੀ ਰਈਸ ਚਕ ਸ਼ੇਰਾਂ ਆਦਿ ਬੇਅੰਤ ਵਿਅਕਤੀ ਸ਼ਾਮਲ ਹੋਏ ਸਨ। ਅਸੀਂ ਟੂਕ ਮਾਤਰ ਹੀ ਭਾਈ ਸਾਹਿਬ ਜੀ ਦੇ ਕੁਝ ਪ੍ਰੇਮੀਆਂ ਦੇ ਵਿਚਾਰ ਦੇ ਰਹੇ ਹਾਂ।

(੧) ਭਾਈ ਸਾਹਿਬ ਭਾਈ ਰਣਧੀਰ ਸਿੰਘ ਇਕ ਅਨੂਪਮ ਸ਼ਖ਼ਸੀਅਤ ਸੀ। ਆਪ ਦੇ ਦਰਸ਼ਨ ਕਰਨ ਨਾਲ ਮਨ ਨੂੰ ਠੰਢ ਪੈਂਦੀ ਸੀ, ਆਪ ਮੁਹਾਰੇ ਸੁਰਤੀ ਜੁੜਦੀ ਸੀ। ਇਹ ਦਿੱਬ ਸੂਰਤ, ਇਲਾਹੀ ਮੂਰਤ ਸੰਗੀਆਂ ਦੇ ਹਿਰਦਿਆਂ ਵਿਚ ਇਕ ਝਰਨਾਟ ਛੇੜ ਦੇਂਦੀ ਸੀ। ਇਹ ਪਿਆਰ ਦਾ ਸੋਮਾ ਜਦੋਂ ਫੁਟਦਾ ਤਾਂ ਅਨੇਕਾਂ ਹੀ ਇਸ ਦੇ ਸੀਤਲ ਜਲ ਵਿਚ ਇਸ਼ਨਾਨ ਕਰਦੇ ਰੰਗੇ ਜਾਂਦੇ। ਉਸ ਪਿਆਰੇ ਦੇ ਪਿਆਰ ਵਿਚ ਧੋਤੇ ਜਾਂਦੇ। ਲਿਸ਼ਕਦੇ, ਚਮਕਦੇ ਤੇ ਉਜਲ ਹੋ ਕੇ ਆਪੂੰ ਜਪਦੇ ਤੇ ਲੋਕਾਂ ਨੂੰ ਜਪਾਂਦੇ, ਵਾਹ, ਵਾਹ, "ਆਪਿ ਜਪਹੁ ਅਵਰਾ ਨਾਮੁ ਜਪਾਵਹੁ"* ਦੀ ਇਕ ਅਦੁਤੀ ਮਿਸਾਲ ਸੀ। ਦੈਵੀ ਸੁਗੰਧੀ ਦਾ ਰਸ ਆਪ ਹੀ ਨਹੀਂ ਛਕਿਆ, ਸਗੋਂ ਸਰਬੱਤ ਨੂੰ ਛਕਾਇਆ। ਇਸ ਚੁੰਬਕ-ਸ਼ਕਤੀ ਦੀਆਂ ਖਿਚਾਂ ਨਾਲ ਅਨੇਕਾਂ ਹੀ ਵਰੋਸਾਏ ਗਏ।

[ਪ੍ਰੋਫੈਸਰ ਗੁਰਦਿਆਲ ਸਿੰਘ ਜੀ ਨਵੀਂ ਦਿਲੀ

(੨) ਭਾਈ ਸਾਹਿਬ ਕੀਰਤਨ ਦੇ ਭੰਡਾਰੇ, ਰਹਿਣੀ ਕਹਿਣੀ ਦੇ ਪੂਰੇ, ਪੰਥ ਅੰਦਰ ਅਨੇਕਾਂ ਕੀਰਤਨੀ ਜੱਥੇ ਪ੍ਰਗਟ ਕਰਨਹਾਰੇ, ਮੇਰੇ ਜਿਹੇ ਗਰੀਬਾਂ ਨੂੰ ਸਦਾ ਨਿਵਾਜਣਹਾਰੇ, ਅਨੇਕਾਂ ਰੂਹਾਂ ਨੂੰ ਸੁਰਜੀਤ ਕਰਨਹਾਰੇ, ਪਿਆਰ ਹੀ ਪਿਆਰ, ਸਹਣਾ ਦੀਦਾਰ, ਤੋੜਿਆਂ ਚੱਕਰਾਂ ਕਿਰਪਾਨਾਂ ਵਾਲੇ, ਗੁਰਮਤਿ ਦੇ ਸੱਚੇ ਪੰਧਾਊ, ਦਿਲਾਂ ਦੀ ਜਾਨਣਹਾਰੇ, ਸਗਲ ਗੁਣਾਂ ਸੰਪੰਨ, ਅਣਥਕ, ਅਖੰਡ ਕੀਰਤਨ ਭੋਜਨ ਚੂਰਨਹਾਰੇ, ਗੁਰੂ ਕਲਗੀ-ਧਰ ਦੇ ਦਰੋਂ ਵਰੋਸਾਏ, ਲਾਡ ਲਡਾਏ, ਸਹਿਜ ਸਹਿਜਾਏ, ਮੈਨੂੰ ਅਤਿ ਪਿਆਰੇ ਸੱਚੀ ਦਰਗਾਹ ਜਾ ਵਸੇ। ਉਹ ਗਏ ਨਹੀਂ, ਸਦਾ ਹਾਜ਼ਰ ਨਾਜ਼ਰ ਹਨ, ਸਰੀਰਕ ਕਪੜਾ ਬਦਲ ਗਏ। ਸੱਚੀ ਦਰਗਾਹ ਵਿਚ ਸੱਚਾ ਪਿੜ ਮਲ ਬੈਠੇ, ਏਥੇ ਵੀ ਕੀਰਤਨ-ਅਹਾਰੀ ਸਨ, ਓਥੇ ਵੀ ਕੀਰਤਨ-ਆਧਾਰੀ ਰਹਿਣਗੇ। 'ਭਗਤ ਵਸਹਿ ਕੀਰਤਨ ਆਧਾਰੇ'† ਹੁਣ ਮੇਲਾ ਸਰੀਰ ਦਾ ਨਹੀਂ ਰਿਹਾ। ਕੀਰਤਨ ਦੁਆਰਾ ਮਿਲੀਏ, ਬਾਣੀ ਦੁਆਰਾ ਮਿਲੀਏ. ਨਾਮ-ਜਪੁ ਦੁਆਰਾ ਮਿਲੀਏ, ਉਹ ਪਿਆਰਾ ਪਿਆਰਾ ਮਨਮੋਹਿਨਾ, ਅਤਿ ਸੋਹਣਾ ਦੀਦਾਰਾ, ਇਹ ਸਾਡੀਆਂ ਦੁਨੀਆਵੀ ਅੱਖਾਂ ਨਹੀਂ ਕਰ ਸਕਣਗੀਆਂ। [ਗਿਆਨੀ ਹਰਬੰਸ ਸਿੰਘ ਜੀ ਬੰਬਈ

(੩) ਖ਼ਾਲਸਾ ਪੰਥ ਇਕ ਸੱਚੇ ਸੁੱਚੇ, ਤਿਆਰ-ਬਰ-ਤਿਆਰ, ਸੰਤ ਸਿਪਾਹੀ, ਰਾਜ-ਯੋਗੀ ਬਿਨਾਂ ਸੁੰਨਾ ਹੋ ਗਿਆ ਹੈ, ਜਿਸ ਦੀ ਤਾਰੀਫ਼ ਕਦੇ ਨਹੀਂ ਹੋ ਸਕਦੀ। ਉਹ ਬੱਬਰ ਆਪਣੀ ਕਿਸਮ ਦਾ ਇਕੱਲਾ ਹੀ ਸੀ, ਜਿਸ ਨੇ ਪੰਥ ਲਈ ਅਕਹਿ ਤੇ ਅਸਹਿ ਤਸੀਹੇ ਸਹਿ ਕੇ ਬੇਅੰਤ ਘਾਲਾਂ ਘਾਲੀਆਂ। ਅਖੰਡਪਾਠਾਂ

*ਸੁਖਮਨੀ ਸਾਹਿਬ, ਪੰਨਾ ੨੯੯। †ਗਉੜੀ ਮ: ੫, ਪੰਨਾ ੨੩੭।



www.AKJ.Org

ਦੀ ਲੜੀ, ਰੈਣ ਸਬਾਈਆਂ ਤੇ ਕੀਰਤਨ ਦੇ ਪ੍ਰਵਾਹ, ਅੰਮ੍ਰਿਤ ਸਿੰਚਾਰ ਦੇ ਗਫਿਆਂ ਦੇ ਭੰਡਾਰ ਜਾਰੀ ਕਰਨ ਵਾਲਾ ਇਹ ਸਿੰਘ ਸੂਰਮਾ ਸਰਦਾਰ, ਬਲਕਿ ਸਿਪਾਹ-ਸਾਲਾਰ ਹੋਇਆ ਹੈ। ਏਸ ਸ਼ੇਰ ਦੀ ਭਬਕ ਤੇ ਰਹਿਤ ਬਹਿਤ ਅਗੇ ਅਨੇਕਾਂ ਤਸੀਹੇ ਦੇਣ ਵਾਲੇ ਜਰਵਾਣੇ ਲਾਚਾਰ ਹੋ ਕੇ ਹਾਰ ਖਾ ਗਏ। ਇਹ ਸੋਨੇ ਦੀ ਚਿੜੀਆ ਨਹੀਂ, ਸਗੋਂ ਬਾਜ਼ ਸੀ, ਜੋ ਉਡਾਰੀ ਲਾ ਗਿਆ ਹੈ। [ਕਰਨਲ ਪਿਆਰਾ ਸਿੰਘ ਜੀ ਜੈਪੁਰ

(੪) ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਹਸਤੀ ਇਕ ਨਿਰਾ ਖ਼ਾਲਸਾ ਜੀਵਨ ਸੀ। ਇਸ ਜੀਵਨ ਨੇ ਕਈਆਂ ਨੂੰ ਜੀਵਨ ਬਖ਼ਸ਼ਿਆ। ਇਤਬਾਰ ਨਹੀਂ ਆਉਂਦਾ ਕਿ ਉਹ ਅਲੋਪ ਹੋ ਗਏ ਹਨ। ਠੀਕ ਹੈ, ਉਹ ਸਰੀਰਕ ਤੌਰ ਪਰ ਸਾਡੇ ਦਰਮਿਆਨ ਨਹੀਂ, ਪਰ ਉਹਨਾਂ ਦੇ ਬਚਨ, ਉਸੇ ਤਰ੍ਹਾਂ ਕੰਨਾਂ ਵਿਚ ਗੂੰਜ ਰਹੇ ਹਨ ਤੇ ਗੂੰਜਦੇ ਰਹਿਣਗੇ। ਇਹੋ ਜਿਹੀਆਂ ਹਸਤੀਆਂ ਕਿਤੇ ਕਿਤੇ ਹੀ ਪੈਦਾ ਹੁੰਦੀਆਂ ਹਨ।

[ਗਿ: ਗੁਰਮੁਖ ਸਿੰਘ ਜੀ ਮੁਸਾਫ਼ਿਰ

(੫) ਆਪ ਬੜੀ ਮਿਠੀ ਸ਼ਖ਼ਸੀਅਤ ਦੇ ਮਾਲਕ ਸਨ, ਪਰ ਬੜੇ ਸਖ਼ਤ ਕਿਸਮ ਦੇ ਤਪੱਸਵੀ, ਇਥੋਂ ਤਕ ਕਿ ਉਹ ਵਿਸਮਾਦੀ ਮੰਡਲਾਂ ਦਾ ਸਵਾਦ ਅਤੇ ਰਸ ਮਾਣਨ ਲਈ ਆਪਣੀ ਅਰੋਗਤਾ ਉਤੇ ਭੀ ਤਰਸ ਨਹੀਂ ਸਨ ਖਾਂਦੇ। .... ਦਲੇਰੀ ਆਖ਼ਰੀ ਉਮਰ ਤਕ ਏਨੀ ਕਿ ਆਪਣੇ ਅਕੀਦੇ ਉਤੇ ਡਟ ਜਾਂਦੇ ਸਨ। ਕਿਸੇ ਕਿਸਮ ਦਾ ਲੋਭ ਉਹਨਾਂ ਨੂੰ ਲੁਭਾ ਨਹੀਂ ਸੀ ਸਕਦਾ। ਪਰਸੰਸਾ ਉਹਨਾਂ ਨੂੰ ਜਿਤ ਨਹੀਂ ਸੀ ਸਕਦੀ। ਵਡੇ ਵਡੇ ਖਬੀਖ਼ਾਨਾਂ ਨੂੰ ਥਾਂ ਸਿਰ ਬਿਠਾਲ ਕੇ ਰਖ ਦਿਆ ਕਰਦੇ ਸਨ।

[ਸ: ਗਿਆਨ ਸਿੰਘ ਜੀ ਰਾੜੇਵਾਲਾ

(੬) ਸ੍ਰੀਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਖ਼ਾਲਸੇ ਦੀ ਰਹਿਤ ਮਰਯਾਦਾ ਆਯੂ ਪ੍ਰਯੰਤ ਜਿਸ ਤਰੀਕੇ ਨਾਲ ਜਿਨ੍ਹਾਂ ਹਾਲਾਤ ਵਿਚ ਕਰੜਾਈ ਨਾਲ ਨਿਭਾਈ ਹੈ, ਉਸ ਦੀ ਸ਼ਾਇਦ ਹੋਰ ਕੋਈ ਮਿਸਾਲ ਨਾ ਹੋਵੇ। 'ਨਾਮ ਸਿਮਰਨ' ਸਬੰਧੀ ਜੋ ਪਰਚਾਰ ਉਹ ਕਰਦੇ ਰਹੇ ਤੇ ਪੁਸਤਕਾਂ ਲਿਖ ਕੇ ਆਪਣੇ ਜੀਵਨ ਦੇ ਤਜਰਬਿਆਂ ਨਾਲ ਜੋ ਏਸ ਦੀ ਪੁਸ਼ਟੀ ਉਨ੍ਹਾਂ ਨੇ ਕੀਤੀ ਹੈ, ਉਹ ਸਿਖ ਧਰਮ ਦੇ ਲਿਟਰੇਚਰ ਵਿਚ ਭਾਰੀ ਦੇਣ ਹੈ। [ਸ: ਗੁਰਪਾਲ ਸਿੰਘ ਜੀ ਲੰਡਨ

(੭) ਜੋ ਜੋ ਉਪਕਾਰ ਉਨ੍ਹਾਂ ਕੀਤੇ, ਉਹ ਸਦਾ ਉਜਾਗਰ ਰਹਿਣਗੇ। ਅਨੇਕਾਂ ਰੂਹਾਂ ਨੇ ਆਪ ਤੋਂ ਗੁਰਸਿਖੀ, ਪ੍ਰੇਮ ਦੀ ਲਾਗ ਤੇ ਜਾਗ ਪ੍ਰਾਪਤ ਕੀਤੀ। ਉਹ ਪਿਆਰ ਤੇ ਉਪਕਾਰ ਦਾ ਸੋਮਾ ਅੱਖਾਂ ਤੋਂ ਉਹਲੇ ਹੋ ਗਿਆ ਹੈ, ਪਰ ਉਹ ਚਾਨਣ, ਜੋ ਉਹ ਸੋਮਾ ਦੇ ਗਿਆ ਹੈ, ਹਮੇਸ਼ਾ ਰਹੇਗਾ।

[ਸ: ਖੜਕ ਸਿੰਘ ਜੀ, ਕੋਲੰਬਸ (ਅਮਰੀਕਾ)

(੮) ਸੋਹਣੀ ਨਿਬਾਹ ਗਏ। ਉਨ੍ਹਾਂ ਦੇ ਸਿਖੀ ਜੀਵਨ, ਸਿਦਕ, ਕੁਰਬਾਨੀ, ਗੁਰਮਤਿ ਸੰਬੰਧੀ ਲਿਖਤਾਂ ਦੀ ਕਿਧਰੇ ਮਿਸਾਲ ਨਹੀਂ ਮਿਲਦੀ। ਧੰਨ ਜੀਵਨ! ਧੰਨ ਗੁਰਸਿਖੀ! ਸੱਚਾ ਪਾਤਸ਼ਾਹ ਉਨ੍ਹਾਂ ਦੀਆਂ ਕਮਾਈਆਂ ਸਦਕਾ ਏਹਨਾਂ ਦਾਸਾਂ ਨੂੰ ਵੀ ਗੁਰਸਿਖੀ ਜੀਵਨ ਸਿਦਕ ਭਰੋਸਾ ਬਖ਼ਸ਼ੇ।

[ਸ: ਗ਼ਮ ਸਿੰਘ ਜੀ, ਨੈਰੋਬੀ (ਅਫ਼ਰੀਕਾ)

(੯) ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਅਸਥਾਨ ਸਿਖ ਇਤਿਹਾਸ ਵਿਚ ਸਦਾ ਉਚਾ ਰਹੇਗਾ। ਆਪ ਇਕ ਅਦੁੱਤੀ ਵਿਅਕਤੀ ਸਨ। ਉਨ੍ਹਾਂ ਨੇ ਪੰਥ ਵਿਚ ਸੁਤੰਤਰ ਹੋ ਕੇ ਵਿਚਰਨ ਤੇ ਅਗੇ ਵਧਣ ਦੀ ਭਾਵਨਾ ਦਾ ਪਰਚਾਰ ਕੀਤਾ, ਕਿ ਖ਼ਾਲਸਾ ਨਾਮ ਜਪੇ ਤੇ ਗੁਰੂ ਦੀ ਰਹਿਤ ਮਰਯਾਦਾ ਵਿਚ ਤਤਪਰ ਹੋ ਕੇ ਨਿਆਰਾ ਰਹੇ। ਉਹ ਜਿਸ ਗੱਲ ਨੂੰ ਗੁਰਮਤਿ ਅਨਕੂਲ ਸਮਝਦੇ, ਉਸ ਪਰ ਦ੍ਰਿੜ੍ਹ ਹੋ ਅਡੋਲ ਰਹਿ ਕੇ ਕਾਇਮ ਰਹਿੰਦੇ ਸਨ। ਉਨ੍ਹਾਂ ਅਸੂਲ ਦੀ ਖ਼ਾਤਰ ਜੇਲ੍ਹਾਂ ਵਿਚ ਅਨੇਕਾਂ ਕਸ਼ਟ ਸਹਾਰੇ, ਪਰ ਸਿਖੀ ਸਿਦਕ ਸਿਰ ਦੀ ਬਾਜ਼ੀ ਲਾ ਕੇ ਨਿਭਾਇਆ। ਉਹ ਅਧਿਆਤਮਵਾਦ ਦੇ ਉਚ ਕੋਟੀ ਦੇ ਲਿਖਾਰੀ ਸਨ।

[ਸ: ਇੰਦਰ ਸਿੰਘ ਜੀ ਕਾਸਗੰਜ (ਯੂ. ਪੀ.)



www.AKJ.Org

(੧੦) ਭਾਈ ਸਾਹਿਬ ਰਣਧੀਰ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਮਲੀ ਤੌਰ ਪਰ ਪ੍ਰਤੱਖ ਗੁਰਾਂ ਦੀ ਦੇਹ ਮੰਨਦੇ ਸਨ ।.. ਆਪ ਗੁਰੂ ਦਸਮੇਸ਼ ਜੀ ਦੇ ਕਾਇਮ ਕੀਤੇ ਅਸੂਲਾਂ ਦੇ ਧਾਰਨੀ ਸਨ ਤੇ ਕਿਸੇ ਇਕ ਸ਼ਖ਼ਸ ਨੂੰ ਪ੍ਰਧਾਨ ਬਣਾਉਣ ਦੀ ਥਾਂ ਪੰਜਾਂ ਪਿਆਰਿਆਂ ਨੂੰ ਪ੍ਰਧਾਨ ਥਾਪਣਾ ਗੁਰਮਤਿ ਅਸੂਲ ਮੰਨਦੇ ਸਨ।

ਆਪ ਪੰਥ ਦੇ ਫ਼ੈਸਲੇ ਤੇ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਨੂੰ ਸਿਰ ਮੱਥੇ ਪਰ ਮੰਨਦੇ ਸਨ । ਜਦ ਆਪ ਅਕਤੂਬਰ ੧੯੩੦ ਵਿਚ ਰਿਹਾ ਹੋ ਕੇ ਆਏ ਤਦ ਬਾਬੂ ਤੇਜਾ ਸਿੰਘ ਜੀ ਪੰਚਖੰਡ ਭਸੌੜ ਵਾਲੇ ਆਪ ਨੂੰ ਮਿਲਣ ਆਏ, ਪਰ ਆਪ ਨੇ ਮਿਲਣ ਤੋਂ ਇਨਕਾਰ ਕਰ ਦਿਤਾ । ਕਿਉਂਕਿ ਬਾਬੂ ਜੀ ਨੂੰ ਗੁਰਬਾਣੀ ਦੀ ਭਨ-ਤੋੜ ਕਾਰਨ ਪੰਥ ਨੇ ਸਿਖੀ ਤੋਂ ਖ਼ਾਰਜ ਕਰ ਦਿਤਾ ਸੀ ।

......"ਹੈਨ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ।"() ਐਸੇ ਸਜਣ ਏਸ ਸਮੇਂ ਨਿਰੋਲ ਧਰਮੀ, ਉਪਕਾਰੀ, ਨਾਮ ਅਭਿਆਸੀ, ਅਣਥਕ ਕੀਰਤਨੀਏ, ਅਖੰਡਕਾਰ ਬਿਰਤੀ ਵਾਲੇ, ਨਾਮ ਦੇ ਚਲੂਲੇ ਰੰਗਾਂ ਵਿਚ ਰਤੇ ਹੋਏ, ਸਰਬ ਲੋਹ ਦੀ ਧਾਰਨਾ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਵਾਲੇ ਭਾਈ ਸਾਹਿਬ ਰਣਧੀਰ ਸਿੰਘ ਜੀ ਹੀ ਸਨ ।...ਆਪ ਕਲਗੀਧਰ ਪਾਤਸ਼ਾਹ ਦੇ ਪਿਆਰੇ ਤੇ ਦੁਲਾਰੇ ਸਿੰਘ ਸਨ । ਗ੍ਰਹਿਸਤ ਵਿਚ ਰਹਿੰਦਿਆਂ ਉਦਾਸ ਰਹੇ ।...ਆਪ ਧੜੇਬੰਦੀਆਂ ਤੋਂ ਉਚੇ ਰਹੇ । ਗੁਰਮਤਿ ਦੇ ਸਵਾਲ ਵਿਚ ਕਿਸੇ ਦਾ ਲਿਹਾਜ਼ ਨਹੀਂ ਕਰਦੇ ਸਨ । ਉਹਨਾਂ ਨੂੰ ਸਿਖੀ, ਗੁਰਬਾਣੀ ਤੇ ਨਾਮ ਇਹ ਸਭ ਤੋਂ ਪਿਆਰੇ ਸਨ । "ਜਾ ਗੁਰੁ ਦੇਖਾ ਸਾਹਮਣੇ"* ਗੁਰਵਾਕ ਅਨੁਸਾਰ ਉਹ ਸਦਾ ਗੁਰੂ ਨੂੰ ਅੰਗ ਸੰਗ ਜਾਣਦੇ ਸਨ ।

[ਸੰਤ ਬਾਬਾ ਵਿਸਾਖਾ ਸਿੰਘ ਜੀ

## ਸਿੱਖ ਜਗਤ ਨੂੰ ਦੇਣ—

ਭਾਈ ਸਾਹਿਬ ਰਣਧੀਰ ਸਿੰਘ ਜੀ ਸਿਖ ਜਗਤ ਵਿਚ ਵੀਹਵੀਂ ਸਦੀ ਦੀ ਇਕ ਮਹਾਨ ਸ਼ਖ਼ਸੀਅਤ ਸਨ । ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ ਰੰਗਾਂ, ਵੈਰਾਗ ਤਰੰਗਾਂ ਤੇ ਤਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾਂ ਨਾਲ ਭਰਿਆ ਪਿਆ ਹੈ । ਜਿਥੇ ਆਪ ਉਚੀ ਆਤਮਕ ਅਵਸਥਾ ਦੇ ਮਾਲਕ ਸਨ ਉਥੇ ਆਪ ਗ਼ਦਰ ਲਹਿਰ ਦੇ ਮੋਢੀ ਦੇਸ਼-ਭਗਤਾਂ ਵਿਚ ਇਕ ਖ਼ਾਸ ਦਰਜਾ ਰਖਦੇ ਸਨ ।

ਆਪ ਜੀ ਨੇ ਗੁਰਮਤਿ ਦੇ ਵਖ ਵਖ ਵਿਸ਼ਿਆਂ ਤੇ ਚਾਲੀ ਦੇ ਕਰੀਬ ਵਡੀਆਂ ਛੋਟੀਆਂ ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਦੇ ਪੜ੍ਹਨ ਤੋਂ ਹੀ ਉਨ੍ਹਾਂ ਦੇ ਅਸਲ ਜੀਵਨ ਦੀ ਸੋਝੀ ਪੈਂਦੀ ਹੈ । ਵੀਹਵੀਂ ਸਦੀ ਵਿਚ ਵਾਪਰ ਰਹੀ ਨਾਸਤਕਤਾ, ਪਛਮੀ ਹਨੇਰ (ਜਿਸ ਨੂੰ ਨਵੀਂ ਰੌਸ਼ਨੀ ਕਿਹਾ ਜਾਂਦਾ ਹੈ) ਅਤੇ ਮਾਇਆਵਾਦ ਦੀ ਹਨੇਰੀ ਵਿਚ ਅਲੋਪ ਹੁੰਦੀ ਜਾ ਰਹੀ ਗੁਰਮਤਿ ਨੂੰ ਸੁਰਜੀਤ ਤੇ ਉਜਾਗਰ ਕਰਨ ਹਿਤ ਆਪ ਜੀ ਦੀਆਂ ਇਹ ਪੁਸਤਕਾਂ, ਸਿਖ-ਜਗਤ ਨੂੰ ਇਕ ਖ਼ਾਸ ਦੇਣ ਹੈ । ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਅਨੇਕਾਂ ਪ੍ਰਾਣੀਆਂ ਦੇ ਭਰਮ ਦੇ ਛੋੜ ਕਟੇ ਗਏ ਅਤੇ ਗੁਰਮਤਿ ਵਲ ਪ੍ਰੇਰੇ ਗਏ, ਅਨੇਕਾਂ ਹੀ ਵਿਗੜੇ ਹੋਏ ਜੀਵਨ ਸੌਰ ਗਏ । ਇਨ੍ਹਾਂ ਪੁਸਤਕਾਂ ਦੀ ਪ੍ਰੇਰਨਾ ਸਦਕਾ ਅਨੇਕਾਂ ਪ੍ਰਾਣੀ ਅੰਮ੍ਰਿਤ ਛਕ ਕੇ ਨਾਮ-ਰਸੀਏ ਬਣ ਗਏ । ਆਪ ਜੀ ਦੀਆਂ ਇਹ ਪੁਸਤਕਾਂ ਰਹਿੰਦੀ ਦੁਨੀਆ ਤਕ ਆਉਣ ਵਾਲੀ ਪੰਥਕ ਪਨੀਰੀ ਨੂੰ, ਗੁਰਮਤਿ ਚਾਨਣ-ਮੁਨਾਰਾ ਬਣ ਕੇ ਜੀਵਨ-ਸੇਧਾਂ ਤੇ ਰੌਸ਼ਨੀ ਦਿੰਦੀਆਂ ਰਹਿਣਗੀਆਂ ।

ਭਾਈ ਸਾਹਿਬ ਅਤੇ ਉਨ੍ਹਾਂ ਦੇ ਰਚੇ ਹੋਏ ਗੁਰਮਤਿ ਸਾਹਿੱਤ ਬਾਰੇ ਪ੍ਰੋ: ਬਲਬੀਰ ਸਿੰਘ ਜੀ ਦਿਲ ਪੁਸਤਕ "ਅਣਪਰਖੇ ਹੀਰੇ" ਵਿਚ ਹੇਠ ਲਿਖੇ ਵੀਚਾਰ ਪਰਗਟ ਕਰਦੇ ਹਨ—

"ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਧੁਨਿਕ ਯੁੱਗ ਦੇ ਮਹਾਨ ਰਹੱਸ-ਵਾਦੀ, ਸੰਤ, ਕਵੀ ਅਤੇ ਦੇਸ਼-ਭਗਤ ਹੋਣ ਤੋਂ ਉਪਰੰਤ ਗੁਰਮਤਿ ਦੇ ਗਿਆਤਾ ਅਤੇ ਗੁਰਬਾਣੀ ਦੇ ਮਹਾਨ ਵਿਆਖਿਆਤਾ ਸਨ ।

()ਸਲੋਕ ਮ: ੧. ਨੰ: ੧੨, ਪੰਨਾ ੧੪੧੧ *ਸੂਹੀ ਮ: ੪, ਪੰਨਾ ੭੫੮



www.AKJ.Org

ਆਪ ਦਾ ਜੀਵਨ ਕਦਮ ਕਦਮ ਤੇ ਹਾਦਸਿਆਂ ਨਾਲ ਭਰਪੂਰ ਅਤੇ ਆਪ ਦੀ ਸ਼ਖਸੀਅਤ ਰੱਬੀ ਕੌਤਕਾਂ ਅਤੇ ਰੂਹਾਨੀ ਚਮਤਕਾਰਾਂ ਨਾਲ ਰੰਗੀ ਹੋਈ ਹੈ।.....

"ਭਾਈ ਸਾਹਿਬ ਜੀ ਦੀ ਵਾਰਤਕ ਦਾ ਮੂਲ ਵਿਸ਼ਾ ਗੁਰਮਤਿ ਅਤੇ ਗੁਰਬਾਣੀ ਦੀ ਵਿਆਖਿਆ ਹੈ। ਸਰਲਤਾ, ਸਪੱਸ਼ਟਤਾ ਤੇ ਸ਼ੁਧਤਾ ਏਸ ਵਿਆਖਿਆ ਦੇ ਮੁਖ ਗੁਣ ਹਨ। ਗੁਰਬਾਣੀ ਦੇ ਭਾਵਾਂ ਨਾਲ ਲੇਖਕ ਦੀ ਆਤਮਾ ਹਲੂਲ ਹੋਣ ਕਰਕੇ ਵਿਚਾਰਾਂ ਵਿਚ ਅਕਲੀ ਧੁੰਦ ਕਿਤੇ ਨਹੀਂ। ਇਹ ਵਾਰਤਕ ਤਰਕ-ਵਾਦੀ ਫ਼ਿਲਾਸਫਰਾਂ ਦੀਆਂ ਉਕਤੀਆਂ ਯੁਕਤੀਆਂ ਜਾਂ ਮੰਤਕਾਂ ਭਰੀ ਅਣ-ਕਮਾਈ ਫ਼ਿਲਾਸਫ਼ੀ ਨਹੀਂ। ਇਸ ਦੇ ਹਰ ਵਾਕ ਵਿਚ ਸਵੈ-ਅਨਭਵ ਦਾ ਪ੍ਰਕਾਸ਼ ਹੈ। ਇਸੇ ਕਰਕੇ ਇਸ ਦੀ ਸ਼ੈਲੀ ਉਤੇ ਭਾਈ ਸਾਹਿਬ ਦੀ ਸ਼ਖ਼ਸੀਅਤ ਦੀ ਅਮਿੱਟ ਮੋਹਰ ਲਗ ਗਈ ਹੈ।...ਪ੍ਰੋ: ਪੂਰਨ ਸਿੰਘ ਤੋਂ ਪਿਛੋਂ ਅਰੁਕਵੇਂ ਵੇਗ ਵਿਚ ਅੱਖਰਾਂ ਦੇ ਦਰਿਆ, ਭਾਈ ਸਾਹਿਬ ਰਣਧੀਰ ਸਿੰਘ ਤੋਂ ਬਿਨਾਂ ਹੋਰ ਕਿਸੇ ਨਹੀਂ ਵਗਾਏ। ਸਮੁੰਦਰ ਜੇਡਾ ਵਿਸ਼ਾਲ ਅਨਭਵ, ਤੂਫ਼ਾਨੀ ਨਦੀਆਂ ਵਰਗੀ ਰਵਾਨੀ, ਜਿਸ ਵਿਚ ਨਿੱਕੇ ਵੱਡੇ ਅਨਗਿਣਤ ਨਵੇਂ ਪੁਰਾਣੇ ਸ਼ਬਦ ਛਿੱਲੇ ਅਣਛਿੱਲੇ, ਖਰ੍ਹਵੇ ਤੇ ਮੁਲਾਇਮ ਪੱਥਰਾਂ ਵਾਂਗ, ਸਰ-ਸਰ ਸੁਰ-ਸੁਰ ਕਰਦੇ, ਭਾਵਾਂ ਦੀਆਂ ਤੂਫ਼ਾਨੀ ਲਹਿਰਾਂ ਦੇ ਥਪੇੜ ਖਾਂਦੇ, ਅਨੰਤ ਚਾਲ ਰੁੜ੍ਹਦੇ ਰਿੜ੍ਹਦੇ ਜਾ ਰਹੇ ਹਨ।......

"ਅੰਮ੍ਰਿਤ-ਪਰਚਾਰ, ਅਖੰਡ ਪਾਠ ਅਤੇ ਅਖੰਡ ਕੀਰਤਨ ਦੀ ਪਰੰਪਰਾ ਨੂੰ ਨਵੀਂ ਤਾਕਤ ਦੇਣ ਤੋਂ ਛੁਟ, ਆਪ ਨੇ ਗੁਰਮਤਿ ਦੀ ਖੋਜ ਅਤੇ ਗੁਰਬਾਣੀ ਦੀ ਵਿਆਖਿਆ ਬਾਰੇ ਦਰਜਨਾਂ ਪੁਸਤਕਾਂ ਲਿਖੀਆਂ। ਵਿਸ਼ੇ ਦੇ ਪੱਖ ਤੋਂ ਆਪ ਦੀਆਂ ਰਚਨਾਵਾਂ ਨੂੰ ਹੇਠ ਲਿਖੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

(ੳ) ਨਾਮ ਦਾ ਰਹੱਸ, ਨਾਮ ਅਭਿਆਸ ਦੀ ਜੁਗਤੀ ਅਤੇ ਨਾਮ ਦੀ ਪ੍ਰਾਪਤੀ।
(ਅ) ਗੁਰਮਤਿ ਬਿਬੇਕ ਅਤੇ ਸਿੱਖੀ ਰਹਿਤ। (ੲ) ਕਰਮ ਫ਼ਿਲਾਸਫ਼ੀ।
(ਸ) ਗੁਰਬਾਣੀ ਅਨੁਸਾਰ ਕਈ ਆਤਮਕ ਅਵਸਥਾਵਾਂ ਅਤੇ ਰੂਹਾਨੀ ਮੰਡਲਾਂ ਦੀ ਵਿਆਖਿਆ।
(ਹ) ਸਿਖ ਇਤਿਹਾਸ ਦੇ ਕੁਝ ਧੁੰਦਲੇ ਪੰਨਿਆਂ ਉਤੇ ਰੋਸ਼ਨੀ।
(ਕ) ਗੁਰਬਾਣੀ ਦੇ ਸ਼ੁਧ ਅਰਥ ਤੇ ਭਾਵਾਂ ਦੀ ਵਿਆਖਿਆ।

"ਭਾਈ ਸਾਹਿਬ ਦੀ ਰਚਨਾ ਦੇ ਅਕਾਰ ਦਾ ਵਿਸਥਾਰ ਇਤਨਾ ਵੱਡਾ ਹੈ ਕਿ ਉਸ ਰਾਹੀਂ ਗੁਰਮਤਿ ਨਾਲ ਸਬੰਧਤ ਨਿੱਕੇ ਵੱਡੇ ਅਨੇਕਾਂ ਵਿਸ਼ਿਆਂ ਦਾ ਨਿਰੂਪਣ ਹੋ ਚੁਕਾ ਹੈ।...

"ਭਾਈ ਸਾਹਿਬ ਦੀਆਂ ਦਲੀਲਾਂ ਵਿਚ ਨਿਜੀ ਅਨਭਵ ਦਾ ਪ੍ਰਕਾਸ਼ ਹੈ। ਉਨ੍ਹਾਂ ਦੀ ਲਿਖਤ ਵਿਚ ਚੁੰਚ ਗਿਆਨ ਵਾਲੀ ਅਕਲੀ ਧੁੰਦ ਕਿਤੇ ਨਹੀਂ। ਤੱਤ ਗਿਆਨ ਵਾਲਾ ਨਿਰਮਲ ਚਾਨਣ ਹੈ। ਅੰਗਰੇਜ਼ੀ ਪੜ੍ਹੇ ਲਿਖੇ ਟੇਢ-ਰਵਸ਼ੀਏ ਲਾਜਸ਼ੀਅਨਾਂ ਵਾਂਗ ਆਪ ਨੇ ਗੁਰਬਾਣੀ ਨੂੰ ਆਪਣੀ ਸਮਝ ਦੇ ਪਿਛੇ ਨਹੀਂ ਲਾਇਆ, ਸਗੋਂ ਇਸ ਦੇ ਉਲਟ ਆਪ ਨੇ ਸੱਚ ਦੀ ਖੋਜ ਲਈ ਆਪਣੀ ਸਮਝ ਨੂੰ ਗੁਰਬਾਣੀ ਦੇ ਪਿਛੇ ਲਾਇਆ ਹੈ।.... ਭਾਈ ਸਾਹਿਬ ਦੀ ਵਾਰਤਕ 'ਖੇੜੇ ਦੀ ਵਾਰਤਕ' ਹੈ।..... ਭੁਲੀਆਂ ਭਟਕੀਆਂ ਰੂਹਾਂ ਨੂੰ ਸਿੱਧਾ ਰਾਹ ਵਿਖਾਉਣ ਵਿਚ ਬਹੁਤ ਸਹਾਇਤਾ ਕਰ ਸਕਦੀ ਹੈ, ਕਿਉਂਕਿ ਇਸ ਦਾ ਉਦੇਸ਼ ਭੁਲੇਖੇ ਪਾਉਣਾ ਨਹੀਂ, ਸਗੋਂ ਭੁਲੇਖਿਆਂ ਨੂੰ ਦੂਰ ਕਰਨਾ ਹੈ।......

"ਭਾਈ ਸਾਹਿਬ ਦਾ ਜੀਵਨ ਗੁਰਮਤਿ ਨਾਲ ਇਕ-ਮਿਕ ਸੀ। ਆਪ ਜੀ ਦੀ ਆਤਮਾ ਗੁਰਬਾਣੀ ਨਾਲ ਹਲੂਲ ਸੀ, ਸੁਰਤਿ ਸ਼ਬਦ ਨਾਲ ਇਕ-ਸੁਰ ਸੀ ਤੇ ਆਪ ਦੇ ਮਨ ਰੂਪੀ ਸਾਜ਼ ਉਤੇ ਸਦਾ ਨਾਮ ਦੀ ਧੁਨ ਛਿੜੀ ਰਹਿੰਦੀ ਸੀ। ਸੋ ਆਪ ਨੇ ਗੁਰਮਤਿ ਬਾਰੇ ਜੋ ਭੀ ਲਿਖਿਆ, ਉਹ ਇਤਿਹਾਸਕ ਸੱਚ ਹੈ। ਆਪ ਨੇ ਗੁਰਬਾਣੀ ਬਾਰੇ ਜੋ ਕੁਝ ਭੀ ਆਖਿਆ ਉਹ ਅਧਿਆਤਮਕ ਸੱਚ ਹੈ।"

ਭਾਈ ਸਾਹਿਬ ਜੀ ਦੀਆਂ ਕਾਵਿ-ਪੁਸਤਕਾਂ ਬਾਰੇ ਪ੍ਰੋਫੈਸਰ 'ਦਿਲ' ਜੀ ਲਿਖਦੇ ਹਨ—

"ਜੋਤਿ ਵਿਗਾਸ (ਇਕ) ਮਹਾਨ ਰਚਨਾ ਹੈ। ਲਗ ਪਗ ਤਿੰਨ ਹਜ਼ਾਰ ਤੁਕਾਂ ਰਾਹੀਂ ਆਤਮਕ ਜੀਵਨ



www.AKJ.Org

ਦੇ ਜਿਹੜੇ ਰੰਗ ਭਾਈ ਸਾਹਿਬ ਨੇ ਵਿਖਾਏ ਹਨ ਉਨ੍ਹਾਂ ਦੀ ਛੱਬ ਸਮੁੱਚੇ ਆਧੁਨਿਕ ਕਾਵਿ ਵਿਚ ਨਿਵੇਕਲੀ ਹੈ।..... ਜਿਥੋਂ ਤਕ ਸਿਖ ਧਰਮ ਅਤੇ ਗੁਰਮਤਿ ਰਹੱਸਵਾਦ ਦਾ ਸੰਬੰਧ ਹੈ, ਭਾਈ ਰਣਧੀਰ ਸਿੰਘ ਦੀ ਕਵਿਤਾ ਉਚੇਚੇ ਧਿਆਨ ਦੀ ਪਾਤਰ ਹੈ। ਸਿਖ ਅਤੇ ਗੁਰੂ ਦੇ ਇਸ਼ਕ ਨੂੰ ਭਾਈ ਨੰਦ ਲਾਲ ਜੀ ਤੋਂ ਪਿਛੋਂ ਭਾਈ ਰਣਧੀਰ ਸਿੰਘ ਨੇ ਜਿਸ ਹੂਕ ਨਾਲ 'ਜੋਤਿ ਵਿਗਾਸ' ਅਤੇ 'ਦਰਸ਼ਨ ਝਲਕਾਂ' ਰਾਹੀਂ ਗਾਇਆ ਹੈ, ਇਹ ਕੇਵਲ ਉਸੇ ਦੇ ਹਿਸੇ ਆਇਆ ਹੈ।.....

"ਮਹਾਨ ਕਵਿਤਾ ਕਵੀ ਦੇ ਮਨ ਵਿਚੋਂ ਚਸ਼ਮੇ ਵਾਂਗ ਫੁਟਦੀ ਹੈ। ਇਸ ਦੇ ਪ੍ਰਗਟਾਉ ਲਈ ਕਵੀ ਨੂੰ ਕੋਈ ਖ਼ਾਸ ਉਚੇਚ ਅਤੇ ਤਰੱਦਦ ਨਹੀਂ ਕਰਨਾ ਪੈਂਦਾ। ਹਰ ਖ਼ਿਆਲ ਆਪਣਾ ਰੂਪ ਨਾਲ ਲੈ ਕੇ ਆਉਂਦਾ ਹੈ। ਬੋਲੀ, ਛੰਦ, ਤੋਲ, ਤੁਕਾਂਤ ਅਤੇ ਸ਼ਬਦ-ਚਿਤਰ ਉਸ ਖ਼ਿਆਲ ਦੇ ਹੱਥ-ਬੱਧੇ ਗੋਲੇ ਹਨ।"

ਜੋਤਿ ਵਿਗਾਸ ਦੀ ਰਚਨਾ ਬਾਰੇ ਭਾਈ ਸਾਹਿਬ ਆਪ ਪੁਸਤਕ ਦੀ ਭੂਮਿਕਾ ਵਿਚ ਇਉਂ ਲਿਖਦੇ ਹਨ—

"ਨਾਗਪੁਰ ਦੀ ਇਕ ਤੰਗ ਤਾਰ ਕੋਠੜੀ ਵਿਚ 'ਨਾਗ ਨਿਵਾਸਾਂ ਦਾ ਰਹਿਣਾ' ਵਾਲੀ ਬੈਰਾਗ ਬਿਵਸਥਾ ਬਣ ਰਹੀ ਹੈ ਅਤੇ ਇਹੋ ਤੁਕ ਗੂੰਜ ਰਹੀ ਹੈ। ਓਹ ਗੁਰਪੁਰਬ ਸਪਤਮੀ ਨਾਗ ਨਿਵਾਸਾਂ ਦੇ ਰਹਿਣ ਵਾਲਾ ਆਖ਼ਰੀ ਗੁਰਪੁਰਬ ਅੱਜ ਕੱਲਮਕੱਲੇ, ਨਹੀਂ ਨਹੀਂ, ਲਖੀ ਜੰਗਲ ਵਾਲੇ ਮਾਹੀ ਦੇ ਸਵਾ ਲਖੀ ਮੁਰੀਦ ਦਾਸ ਨੂੰ ਆਪਣੇ ਆਪ ਵਿਚ ਹੀ ਮਨਾਉਣਾ ਆਣ ਬਣਿਆ। ਸੰਗੀ ਸਾਥੀ ਵੀਰੜੇ ਸਭ ਵਖੋ ਵਖ ਜੇਲ੍ਹਾਂ ਵਿਚ ਵਗਲੇ ਬੈਠੇ ਹਨ।.....ਜਿਧਰ ਇਸ ਮੁਰੀਦੜੇ ਦਾ ਸੱਥਰ-ਨਿਵਾਸ ਕੋਠੜਾ ਹੈ, ਓਧਰ ਆਦਮ ਨਾ ਆਦਮਜ਼ਾਦ, ਨੇੜੇ ਫਟਕਣਾ ਨਹੀਂ ਪਾਉਂਦਾ। ਸ਼ੁਕਰ ਹੈ,ਭਜਨ-ਇਕਾਂਤ-ਗੁਫਾ ਬਣੀ ਹੋਈ ਹੈ। ਮਨ-ਭਾਉਂਦੇ ਅਭਿਆਸ-ਖੰਡੇ ਖੜਕਾਓ, ਕੋਈ ਹਟਕਣ ਹੋੜਨ ਵਾਲਾ ਨਹੀਂ। ਇਕੱਲੇ ਦੁਕੱਲੇ ਕਿਸੇ ਜੇਲ੍ਹ-ਕਰਮਚਾਰੀ ਨੂੰ ਨੇੜੇ ਢੁਕਣ ਦਾ ਹੁਕਮ ਨਹੀਂ। ਦਿਨ ਰਾਤ ਦੀ ਸ਼ਾਂਤ-ਇਕਾਂਤ ਬਣੀ ਹੋਈ ਹੈ। ਸੋਹਣੀ ਹਿਮਕਰ ਰੁਤਿ ਹੀ ਬਣੀ ਹੋਈ ਹੈ। ਗੁਰਪੁਰਬ ਸਪਤਮੀ ਦੇ ਸੁਭਾਗ ਸਮੇਂ ਬਝ ਰਹੇ ਹਨ। ਪਿਆਰਿਆ! ਸ੍ਰੀ ਗੁਰੂ ਦਸਮੇਸ਼ ਮਾਹੀਆ! ਤੇਰੇ ਲਖੀ ਜੰਗਲੋਂ ਗੁਆਤੇ ਸਵਾ ਲਖੀ ਮੁਰੀਦੜੇ ਨੂੰ ਅਜ ਇਕ ਵਾਰ ਫੇਰ ਸੱਦ ਮਾਹੀ ਦਾ ਸੁਣਾ। ਇਸ ਵੈਰਾਗ ਉਮਾਹੇ ਦੇ ਉਠਣ ਦੀ ਦੇਰ ਹੀ ਸੀ ਕਿ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਾਲੀ ਝੋਕ ਆਮੁਹਾਰੀ ਛਿੜ ਪਈ। ਸਾਰਾ ਜੇਲ੍ਹ-ਜੰਗਲ ਗੂੰਜ ਉਠਿਆ।......ਦਰਸ-ਸੱਧਰਾਂ ਦੀ ਆਸ-ਉਡੀਣੜੀ ਸਿੱਕ ਵਿਚ ਲਿਵ-ਨੈਣ-ਜੁਤੰਨੜੀ ਮਾਹੀ ਦੇ ਮੁਸ਼ਤਾਕ ਮੁਰੀਦੜੇ ਨੂੰ ਬਾਰ੍ਹਾਂ ਬਰਸਾਂ ਦੀ ਭੁਲੀ ਹੋਈ "ਆਵੀਂ ਢੋਲਾ ਦਰਸ ਦਿਖਾਵੀਂ, ਪਾਵੀਂ ਠੰਡ ਕਲੇਜੇ ਨੂੰ" ਵਾਲੀ ਝੋਕ ਅਜ ਫੇਰ ਚਾਤ੍ਰਿਕ ਮੋਰ ਟੇਰ ਘਨਘੋਰ ਹੋ ਕੇ ਆਣ ਉਮਗੇਰ ਹੋਈ। ਐਸੀ ਉਮਗੀ ਕਿ ਛਲਾਂ ਮਾਰ ਮਾਰ ਕੇ ਅਨਭਵੀ ਕਾਵਿ-ਛੰਦ-ਬੰਦੀਆਂ ਦੇ ਸੁਤੇ ਸਫੁਰਨੀ ਆ-ਮੁਹਾਰੀ ਤੋਰੇ ਤੁਰ ਪਏ। ਦੇਖਾਂ ਤਾਂ ਮੇਰੀਆਂ ਉਂਗਲੀਆਂ ਵਿਚ ਪੱਕੀ ਪੈਨਸਲ ਅੜੀ ਹੋਈ ਹੈ। ਹੁਣ ਮੈਨੂੰ ਲਿਖਣ ਲਈ ਕਾਗਜ਼ ਕਿਰਤਾਸ ਨਾ ਲਝੇ। ਭਲਾ ਕਾਗਜ਼ ਕਿਥੇ, ਇਥੇ ਚਾਕੀ ਕਾ ਚੀਥੜਾ ਭੀ ਨਹੀਂ ਸੀ ਕੋਈ ਰਹਿਣ ਦਿੰਦਾ। ਉਧਰ ਵੇਗ ਆਈ ਜਾਵੇ... . ਓੜਕ ਮੈਨੂੰ ਇਹ ਸੁਝਣੀ ਸੁਝੀ ਕਿ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਪੋਥੀ ਮੇਰੇ ਪਾਸ ਪਈ ਹੈ। ਉਸ ਦੇ ਪਤਰਿਆਂ ਦੀ ਛਪੀ ਹੋਈ ਲਿਖਤ ਉਦਾਲੇ ਚਾਰ ਚੁਫੇਰੇ ਖਾਸੇ ਚੌੜੇ ਖ਼ਾਲੀ ਹਾਸ਼ੀਏ ਛਡੇ ਹੋਏ ਹਨ, ਉਨ੍ਹਾਂ ਉਤੇ ਇਸ ਕਵਿਤਾ ਨੂੰ ਉਤਾਰਨਾ ਅਰੰਭ ਕਰ ਦੇਹ। ਬਸ, ਗੱਲ ਕੀ, ਮੈਂ ਪੈਨਸਲ ਫੜ ਕੇ ਅਤੇ ਪੋਥੀ ਲੈ ਕੇ ਉਤਾਰਨ ਲਗ ਪਿਆ। ਕਵਿਤਾ ਉਤਰੀ ਜਾਏ, ਮੈਂ ਦਬਾ ਦਬ ਲਿਖੀ ਜਾਵਾਂ। ਬੜੀ ਰਾਤ ਭਰ ਮੇਰੇ ਸਨਮੁਖ ਲਾਲ-ਟੈਣ ਜਗਦੀ ਹੀ ਰਹਿੰਦੀ ਸੀ। ਆਤਮ-ਲਿਵ-ਰੰਗਾਂ ਵਿਚ ਦਰਸ-ਵੈਰਾਗ-ਤਰੰਗਾਂ ਵਿਚ ਜਿਉਂ ਲਿਖਣ ਬੈਠਾ ਕਿ ਸਤ ਦਿਨ ਸਤ ਰਾਤਾਂ ਲਗਾਤਾਰ ਲਿਖੀ ਹੀ ਗਿਆ। ਵੇਗ ਠਲ੍ਹੇ ਨਾ ਅਤੇ ਮੈਂ ਲਿਖਣੋਂ ਨਾ ਹਟਾਂ।"

["ਜੀਵਨ ਚਰਿੱਤਰ ਭਾ: ਸਾ: ਰਣਧੀਰ ਸਿੰਘ ਵਿਚੋਂ"

ਨੋਟ :—ਥਾਂ ਦੀ ਥੁੜ ਕਰਕੇ 'ਜੋਤਿ-ਵਿਗਾਸ' ਵਿਚੋਂ ਕਾਵਿ-ਵੰਨਗੀਆਂ ਆਉਂਦੇ ਪਰਚੇ ਵਿਚ ਪੜ੍ਹੋ।



www.AKJ.Org

# ਤਪੋ ਬਨ ਕੁਮਾਰਹੱਟੀ ਦੇ ਸਮਾਗਮ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਗਰਮੀਆਂ ਦੇ ਨਿਵਾਸ-ਅਸਥਾਨ ਕੁਮਾਰਹੱਟੀ ਵਿਖੇ ੫ ਤੋਂ ੭ ਜੂਨ ਤਕ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਹੋਏ। ਕਾਲਕਾ ਟਪ ਕੇ ਜਦੋਂ ਪਹਾੜਾਂ ਦੇ ਕੰਢੇ ਚੜ੍ਹਨਾ ਸ਼ੁਰੂ ਕਰੀਏ ਤਾਂ ਕੁਮਾਰਹੱਟੀ ਵਲੋਂ ਆ ਰਹੀਆਂ ਮਿਠੀਆਂ ਮਿਠੀਆਂ ਠੰਢੀਆਂ ਪੌਣਾਂ ਸੁਰਤੀਆਂ ਬਿਰਤੀਆਂ ਨੂੰ ਹੁਲਾਸਦੀਆਂ ਜਾਂਦੀਆਂ ਹਨ, ਸੀਤਲ ਪਉਣਾਂ ਅੰਦਰ ਰਸ ਭਰਦੀਆਂ ਜਾਂਦੀਆਂ ਹਨ। ਨਾਮ-ਅਭਿਆਸ ਦੇ ਆਪ-ਮੁਹਾਰੇ ਤੋਰੇ ਉਮਡ ਉਮਡ ਆਉਂਦੇ ਹਨ। ਇਸੇ ਕਰ ਕੇ ਭਾਈ ਸਾਹਿਬ ਕੁਮਾਰਹੱਟੀ ਨੂੰ ਕਰਤਾਰ ਹੱਟੀ ਕਹਿੰਦੇ ਹੁੰਦੇ ਸਨ। ਕੁਮਾਰਹੱਟੀ ਦੀਆਂ ਰਸੀਲੀਆਂ ਪਵਨਾਂ ਤੇ ਮਿਠੀਆਂ ਯਾਦਾਂ ਖਿਚ ਕੇ ਉਥੇ ਲੈ ਗਈਆਂ।

ਸਤਿਗੁਰੂ ਪਾਤਸ਼ਾਹ ਨੇ ਅਨੂਪਮ ਕਲਾ ਵਰਤਾਈ। ਅਖੰਡਪਾਠੀ ਗਿਣਤੀ ਵਿਚ ਭਾਵੇਂ ਚਾਰ ਹੀ ਸਨ, ਪਰ ਸਤਿਗੁਰੂ ਦਾਤਾਰ ਨੇ ਆਪ ਕਿਰਪਾ ਕੀਤੀ ਤੇ ਪਾਠੀ ਸਿੰਘਾਂ ਦੇ ਹਿਰਦਿਆਂ ਵਿਚ ਬੈਠ ਕੇ ਅਨੂਪਮ ਰੰਗਾਂ ਵਿਚ ਸੇਵਾ ਲਈ। ਇਨ੍ਹਾਂ ਪਾਠੀ ਸਿੰਘਾਂ ਵਿਚ ਇਕ ਐਸੇ ਗੁਰੂ ਕੇ ਲਾਲ ਸਨ ਜਿਨ੍ਹਾਂ ਦੀ ਬਾਬਤ ਸੁਣਿਆ ਕਿ ਜਹਾਜ਼ੇ ਚੜ੍ਹਨ ਤੋਂ ਪਹਿਲਾਂ ਇਕ ਵਾਰੀ ਉਹ ਉਥੋਂ ਦੀ ਆਪਣੇ ਕੁਝ ਸਾਥੀਆਂ ਦੇ ਨਾਲ ਜਾ ਰਹੇ ਸਨ ਜਿਥੇ ਭਾਈ ਸਾਹਿਬ ਕੀਰਤਨ ਕਰ ਰਹੇ ਸਨ। ਇਸ ਵੀਰ ਦੇ ਕੰਨਾਂ ਵਿਚ ਕੀਰਤਨ ਦੀ ਗੁੰਜਾਰ ਪਈ ਤਾਂ ਆਪਣੇ ਸਾਥੀਆਂ ਨੂੰ ਕਹਿਣ ਲਗਾ ਕਿ ਇਹ ਜਿਹੜੇ ਕੀਰਤਨ ਕਰ ਰਹੇ ਹਨ, ਚੰਗੇ ਪੜ੍ਹੇ ਲਿਖੇ ਉਚ ਘਰਾਣੇ ਵਿਚੋਂ ਹਨ, ਪਰ ਵੇਖੋ ਇਨ੍ਹਾਂ ਦੀ ਅਕਲ ਕਿ ਕਿਹੜੇ ਪੁੱਠੇ ਰਾਹੇ ਪਏ ਹੋਏ ਹਨ। ਉਸ ਵਕਤ ਭਾਈ ਸਾਹਿਬ ਇਸ ਸ਼ਬਦ ਦਾ ਕੀਰਤਨ ਕਰ ਰਹੇ ਸਨ—"ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥" ਭਾਈ ਸਾਹਿਬ ਹਰ ਪੰਗਤੀ ਤੋਂ ਬਾਅਦ ਇਸ ਪੰਗਤੀ ਨੂੰ ਦੁਹਰਾ ਰਹੇ ਸਨ ਅਤੇ ਬਾਣੀ ਦਾ ਰਸ ਲੈ ਲੈ ਮਸਤੂਲ ਮਸਤ ਹੋ ਰਹੇ ਸਨ। ਜਦ ਇਸ ਵੀਰ ਦੇ ਇਹ ਤੁਕ ਸਪਸ਼ਟ ਸਮਝ ਵਿਚ ਆਈ ਤਾਂ ਹਿਰਦਾ ਵਿੰਨ੍ਹ ਗਈ। ਸਾਥੀਆਂ ਨੂੰ ਕਹਿਣ ਲਗਾ, "ਤੁਸੀਂ ਜਾਓ, ਮੈਂ ਕੀਰਤਨ ਸੁਣ ਕੇ ਆਉਂਦਾ ਹਾਂ।" ਉਥੇ ਹੀ ਬੈਠ ਗਿਆ। ਜਿਉਂ ਜਿਉਂ ਤੁਕਾਂ ਕੰਨੀਂ ਪੈਣ, ਅੱਖਾਂ ਉਘੜਦੀਆਂ ਜਾਣ। ਅਖੀਰ ਕਹਿਣ ਲਗਾ, "ਇਹ ਪੁਠੇ ਰਸਤੇ ਨਹੀਂ ਪਏ, ਮੈਂ ਹੀ ਪੁਠੇ ਰਸਤੇ ਪਿਆ ਹੋਇਆ ਹਾਂ।" ਉਸੇ ਦਿਨ ਤੋਂ ਅੰਮ੍ਰਿਤ ਛਕ ਲੈਣ ਦਾ ਵਿਚਾਰ ਮਨ ਵਿਚ ਬਣ ਗਿਆ, ਜੋ ਸਤਿਗੁਰੂ ਦੀ ਬਖਸ਼ਸ਼ ਦੁਆਰਾ ਪ੍ਰਾਪਤ ਹੋਇਆ। ਇਹ ਸਿੰਘ ਮਹਿਸੂਸ ਕਰਦਾ ਹੈ ਕਿ ਆਪਣੇ ਜੀਵਨ ਵਿਚ ਉਹ ਰਜ ਕੇ ਭਾਈ ਸਾਹਿਬ ਜੀ ਦੇ ਦਰਸ਼ਨ ਨਹੀਂ ਕਰ ਸਕਿਆ। ਇਸ ਘਾਟ ਨੂੰ ਪੂਰਾ ਕਰਨ ਲਈ ਉਹ ਹੁਣ ਹਰ ਸਾਲ ਕੁਮਾਰਹੱਟੀ ਉਡ ਕੇ ਪੁਜਦਾ ਹੈ ਅਤੇ ਸ੍ਰੀ ਅਖੰਡਪਾਠ ਸਮਾਗਮਾਂ ਵਿਚ ਵਧ ਤੋਂ ਵਧ ਹਿੱਸਾ ਲੈਂਦਾ ਹੈ। ਇਹ ਵੀਰ ਜੀ ਬੜੇ ਸੁੰਦਰ ਪਾਠੀ ਹਨ, ਪਾਠ ਕਰਦਿਆਂ ਆਪਣਾ ਆਪ ਬਾਣੀ ਵਿਚ ਸਮੋ ਦਿੰਦੇ ਹਨ।

੭ ਜੂਨ ਸ਼ਨੀਵਾਰ ਅੰਮ੍ਰਿਤ ਵੇਲੇ ੩ ਵਜੇ ਸ੍ਰੀ ਅਖੰਡਪਾਠ ਦੇ ਭੋਗ ਪਏ। ਬਾਣੀ ਦੀ ਅੰਮ੍ਰਿਤ ਵਰਖਾ ਨਾਲ ਸਾਰਾ ਮਾਹੌਲ ਹੀ ਖਿੜਿਆ ਖਿੜਿਆ ਹੋਇਆ ਸੀ ਅਤੇ ਹੁਲਾਸ ਵਿਗਾਸ ਵਿਚ ਚਿਤ ਪਰਫੁਲਤ ਹੋ ਰਹੇ ਸਨ। ਸੰਗਤ ਭਾਵੇਂ ਸਵਾਈ ਹੀ ਸੀ, ਪਰ ਸਤਿਗੁਰਾਂ ਦੀਆਂ ਬਖ਼ਸ਼ਸ਼ਾਂ ਬੇਅੰਤ ਵਰਸ ਰਹੀਆਂ ਸਨ।

ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ-ਅਖਾੜੇ ਸਜ ਗਏ। ਬਤੀਆਂ ਬੁਝਾ ਦਿਤੀਆਂ ਗਈਆਂ ਅਤੇ ਮਧਮ ਜਿਹੀ ਲਾਈਟ ਵਿਚ ਹੀ ਕੀਰਤਨ-ਧੁਨੀਆਂ ਗੂੰਜ ਉਠੀਆਂ। ਕੀਰਤਨ ਦੇ ਐਸੇ ਰੰਗ ਖਿੜੇ ਅਤੇ ਐਸੀਆਂ ਅਰਸ਼ੀ ਉਡਾਣਾਂ ਦੇ ਅਨੰਦ ਬਝੇ ਜਿਵੇਂ ਕਿ ਭਾਈ ਸਾਹਿਬ ਦੇ ਸਮੇਂ ਇਲਾਹੀ ਰੰਗ ਬਝਦੇ ਹੁੰਦੇ ਸਨ ਅਤੇ ਕੀਰਤਨ ਦੀਆਂ ਧੁਨੀਆਂ ਹਿਰਦਿਆਂ ਵਿਚੋਂ ਨਿਕਲ ਕੇ ਅਕਾਸ਼ਾਂ ਨਾਲ ਇਕ-ਸੁਰ ਕਰੀ ਜਾਂਦੀਆਂ ਸਨ।

---

ਫ਼ਰੀਦਕੋਟ ਗੁਰਦਵਾਰਾ ਬਾਬਾ ਫ਼ਰੀਦ ਵਿਖੇ ੨੬ ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

ਦਾਸ—ਹਰਭਜਨ ਸਿੰਘ, ਪੰਜਾਬ ਸਿੰਧ ਬੈਂਕ ਗੋਲੇ ਵਾਲਾ

---

14 ਤੋਂ 17 ਅਗਸਤ ਤਕ ਅੰਬਾਲੇ ਸਮਾਗਮ ਹੋ ਰਹੇ ਹਨ। ਵੇਰਵਾ ਅਗਲੇ ਪਰਚੇ ਵਿਚ।

www.AKJ.Org

ਕੁਮਾਰਹੱਟੀ ਵਿਚ ਜੋ ਕਲਾ ਵਰਤਦੀ ਰਹੀ, ਉਸ ਦਾ ਇਸ਼ਾਰੇ ਮਾਤਰ ਵਰਨਣ ਭਾਈ ਸਾਹਿਬ ਦੀ ਇਕ ਪਤਰਕਾ ਵਿਚ ਇਉਂ ਹੈ:—

"ਆਉਣ ਸਾਰ ਹੀ ਤਣਾਵਾਂ ਗਡੀਆਂ ਗਈਆਂ। ਬਿਨ ਛੇੜੇ ਹੀ, ਲਿਵ-ਲੋਰ-ਤਰੰਗਾਂ ਛਿੜ ਪਈਆਂ। ਦਹਿਦੂਣੇ ਰੰਗਾਂ ਨੂੰ ਉਮਾਹ ਰਹੀਆਂ ਹਨ। ਲਹਿਰਾਂ ਲਹਿਰਾ ਰਹੀਆਂ ਹਨ, ਲਹਿਰ ਬਹਿਰ ਹੋਇ ਰਹੀਆਂ ਹਨ। ਅਮੀ ਰੈਨਾਇਰ ਛਲਕਾਂ ਮਾਰ ਰਿਹਾ ਹੈ। ਰਸ-ਜੋਤਿ ਡਲਕਾਂ ਡਲਕ ਰਹੀਆਂ ਹਨ। ਅਭਿਆਸ ਬਿਲੋਵਨੇ ਈਟੀ ਨੇਤਰੇ ਬਿਹੂਣ ਹੀ, ਆਪ-ਮੁਹਾਰੇ ਬਿਲੋਇ ਜਾ ਰਹੇ ਹਨ। ਜਿਉਂ ਜਿਉਂ ਸਹਿਜ-ਹੁਲਾਰੇ ਆਉਂਦੇ ਹਨ ਤਿਉਂ ਤਿਉਂ ਨਾਮ-ਤਾਰ-ਪਰੋਤੇ ਪਿਆਰੇ ਦੇ ਯਾਦ-ਮਲਗਾਰੇ, ਮਹਿਕ ਰਹੇ ਹਨ।"

ਇਥੇ ਕੁਮਾਰਹੱਟੀ ਵਿਖੇ ਰੰਗ-ਰਤੜੇ ਗੁਰੂ ਕੇ ਲਾਲਾਂ ਨੇ ਅਤੁਟ ਨਾਮ-ਅਭਿਆਸ ਕਮਾਈਆਂ ਕੀਤੀਆਂ। ਉਨ੍ਹਾਂ ਆਤਮ-ਰੰਗ-ਚਲੂਣੇ ਪਿਆਰਿਆਂ ਦੀਆਂ ਕਮਾਈਆਂ ਦਾ ਸਦਕਾ ਕੀਰਤਨ-ਅਖਾੜੇ ਡਾਢੇ ਰੰਗਾਂ ਵਿਚ ਸਜੇ, ਸਾਹਿਬ ਦੀ ਆਪਣੀ ਕਲਾ ਵਰਤੀ। ਕੀਰਤਨੀ ਵੀਰਾਂ ਭੈਣਾਂ ਨੂੰ ਸੱਚੇ ਪਾਤਸ਼ਾਹ ਨੇ ਬਲ ਬਖਸ਼ਿਆ ਅਤੇ ਕੰਠਾਗਰ ਬਾਣੀ ਰਾਹੀਂ ਹੀ ਇਸ ਸਾਰੇ ਸਮਾਗਮ ਵਿਚ ਸੇਵਾ ਲਈ। ਅੱਧ-ਮੁੰਧੇ ਨੇਤਰਾਂ ਨਾਲ ਸੁਰਤੀਆਂ ਬਿਰਤੀਆਂ ਬਾਣੀ ਵਿਚ ਰਸ–ਲੀਨ ਹੋਈਆਂ ਅੰਮ੍ਰਿਤ-ਛਾਂਦੇ ਭੁੰਚਦੀਆਂ ਰਹੀਆਂ। ਇਨ੍ਹਾਂ ਅਨੂਪਮ ਰੰਗਾਂ ਦਾ ਕਥਨ ਕਰਨਾ ਇਵੇਂ ਹੀ ਹੈ ਜਿਵੇਂ ਕਿ—

ਕਹੁ ਕਬੀਰ ਗੂੰਗੇ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ ॥ (੩੩੪)

ਸਤਿਗੁਰ ਪਾਤਸ਼ਾਹ ਸਦਾ ਮਿਹਰਾਂ ਕਰਦੇ ਰਹਿਣ ਅਤੇ ਅੰਮ੍ਰਿਤ ਬਾਣੀ ਦੇ ਕੀਰਤਨ-ਛਾਂਦੇ ਸਦਾ ਇਲਾਹੀ ਰੰਗਾਂ ਵਿਚ ਜੁੜ ਕੇ ਭੁੰਚਾਉਂਦੇ ਰਹਿਣ। ਖਾਲਸਾ ਜੀ ਦਾ ਸੇਵਕ—ਰਾਮ ਸਿੰਘ

[ਜਥੇਦਾਰ ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਸ੍ਰੀ ਅੰਮ੍ਰਿਤਸਰ]

---

## ਲਖਨਊ ਵਿਖੇ ਸਾਲਾਨਾ ਕੀਰਤਨ ਸਮਾਗਮ

### ੧੦ ਜੁਲਾਈ ਵੀਰਵਾਰ ਸ਼ਾਮ ਤੋਂ ੧੩ ਜੁਲਾਈ ੧੯੮੦ ਐਤਵਾਰ ਸਵੇਰ ਤਕ

ਬੇਨਤੀ ਹੈ ਕਿ ਲਖਨਊ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਰਤਨ ਸਮਾਗਮ ਹੋ ਰਹੇ ਹਨ। ਸੰਗਤਾਂ ਹਰਿ ਜਸ ਦੇ ਲਾਹੇ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਕਰਨ।

੧੦ ਜੁਲਾਈ ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁਰਦਵਾਰਾ ਨਾਕਾ ਹਿੰਡੋਲਾ
੧੧ ,, ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ ਗੁ: ,, ,,
ਸ਼ਾਮ ੭ ਤੋਂ ੯ ਅਖੰਡ ਕੀਰਤਨ ਗੁਰਦਵਾਰਾ ਗੁਰੂ ਨਾਨਕ ਸਤਸੰਗ ਸਦਰ
੧੨ ,, ਸਵੇਰ ੫ ਤੋਂ ੧੦ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਸਿੰਘ ਸਭਾ ਆਲਮ ਬਾਗ
ਰਾਤ ਰੈਣ-ਸਬਾਈ ਕੀਰਤਨ ਗੁ: ਨਾਕਾ ਹਿੰਡੋਲਾ ਵਿਖੇ, ਜਿਸ ਦੇ ਭੋਗ ੧੩ ਜੁਲਾਈ ਸਵੇਰੇ ਪੈਣਗੇ।

ਨੋਟ : ਬਾਹਰੋਂ ਆਈਆਂ ਸੰਗਤਾਂ ਦਾ ਉਤਾਰਾ ਗੁਰਦਵਾਰਾ ਨਾਕਾ ਹਿੰਡੋਲਾ ਵਿਖੇ ਹੋਵੇਗਾ।

ਪੁਛ ਗਿਛ : ਕੈਪਟਿਨ ਪ੍ਰਿਥੀਪਾਲ ਸਿੰਘ, ੨–ਡੀ. ਰਫ਼ੀ ਅਹਿਮਦ ਕਿਦਵਾਈ ਮਾਰਗ, ਲਖਨਊ

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲਖਨਊ

---

## ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਸ: ਭਗਤ ਸਿੰਘ ਖਾਲਸਾ ਗੁਰਸ਼ਰਨ ਸਿੰਘ ਵਾਲੀਆ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਨਿਵਾਸ ੧੭੧ ਐਲ ਆਰ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ੩ ਜੁਲਾਈ ਵੀਰਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

---

## ਸੁਨਾਮ (ਸੰਗਰੂਰ) ਵਿਖੇ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਰੈਣ ਸਬਾਈ

ਸ਼ਹੀਦ ਰਘਬੀਰ ਸਿੰਘ ਭੱਗੂਪੁਰ ਅਤੇ ਵੈਸਾਖੀ ੭੮ ਦੇ ਸ਼ਹੀਦਾਂ ਦੀ ਯਾਦ ਵਿਚ ੧੨ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਗੁ: ਸ੍ਰੀ ਅਕਾਲਗੜ੍ਹ ਸਾਹਿਬ (ਨੇੜੇ ਪੁਰਾਣੀ ਸਬਜ਼ੀ ਮੰਡੀ) ਵਿਖੇ ਸਾਲਾਨਾ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਪ ਜੀ ਪਰਵਾਰਾਂ ਸਮੇਤ ਦਰਸ਼ਨ ਦੇ ਕੇ ਨਿਵਾਜੋ ਜੀ।

ਦਰਸ਼ਨ ਅਭਿਲਾਖੀ—ਸੰਗਤ ਗੁ: ਸ੍ਰੀ ਅਕਾਲ ਗੜ੍ਹ ਸਾਹਿਬ ਸੁਨਾਮ ਜ਼ਿਲਾ ਸੰਗਰੂਰ

www.AKJ.Org

# ਪਾਵਨ ਬੀੜਾਂ ਦੀ ਬੇਅਦਬੀ ਰੋਕਣ ਦੀ ਮੰਗ

ਇਸ ਸੰਬੰਧ ਵਿਚ ਅਸਾਂ ਅਪ੍ਰੈਲ ੧੯੮੦ ਦੇ 'ਸੂਰਾ' ਵਿਚ ਭਾਈ ਜੀਵਨ ਸਿੰਘ ਜੀ ਰਾਗੀ ਵਲੋਂ ਸੂਚਨਾ ਮਿਲਣ ਤੇ ਇਕ ਨੋਟ ਦਿਤਾ ਸੀ ਕਿ ਮੁਸਲਮਾਨ ਦੁਕਾਨਦਾਰ ਬਰੈਡਫੋਰਡ ਯੂ. ਕੇ. ਵਿਚ ਪੈਸੇ ਕਮਾਣ ਦੇ ਲਾਲਚ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਨੂੰ ਬੜੇ ਬੇਅਦਬ ਢੰਗ ਨਾਲ ਆਪਣੇ ਪਾਸ ਰਖਦੇ ਅਤੇ ਮਨ-ਮਾਨੀਆਂ ਕੀਮਤਾਂ ਵਸੂਲਦੇ ਹਨ। ਇਸ ਬੇਅਦਬੀ ਨੂੰ ਰੋਕਣ ਲਈ ਪੰਥ ਵਲੋਂ ਫੌਰੀ ਕਾਰਵਾਈ ਹੋਣੀ ਲੋੜੀਦੀ ਹੈ।

ਇਸ ਤੋਂ ਉਪਰੰਤ 13.5.80 ਨੂੰ 'ਗਗਨ ਦਮਾਮਾ' ਡਰਬੀ ਦੇ ਮੈਨੇਜਰ ਸ: ਜਗਤਾਰ ਸਿੰਘ ਵਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪਰਧਾਨ ਨੂੰ ਇਸ ਬੇਅਦਬੀ ਨੂੰ ਰੋਕਣ ਲਈ ਇਕ ਪਤਰਕਾ ਲਿਖੀ ਗਈ, ਜਿਸ ਦੀਆਂ ਕਾਪੀਆਂ ਸਿਖ ਅਖਬਾਰਾਂ ਤੇ ਸਿਖ ਸੁਸਾਇਟੀਆਂ ਨੂੰ ਵੀ ਭੇਜੀਆਂ ਗਈਆਂ। ਹੁਣ ਜੂਨ ੧੯੮੦ ਦੇ 'ਗਗਨ ਦਮਾਮਾ' ਵਿਚ ਵੀ ਇਹ ਪਤਰਕਾ ਛਾਪ ਦਿਤੀ ਗਈ ਹੈ।

ਇਸ ਪਾਸੇ ਪੰਥਕ ਆਗੂਆਂ ਤੇ ਸਿਖ ਸੁਸਾਇਟੀਆਂ ਦਾ ਧਿਆਨ ਦਿਵਾਉਣਾ ਅਤੀ ਜ਼ਰੂਰੀ ਹੈ। ਸਿਖ ਪੰਥ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨੂੰ ਕਾਇਮ ਰਖਣਾ ਸਭ ਤੋਂ ਮੁਢਲਾ ਤੇ ਸਭ ਤੋਂ ਜ਼ਰੂਰੀ ਮਸਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰਖੇ ਤੋਂ ਬਿਨਾਂ ਸਿਖ ਕੌਮ ਲਈ ਕਿਤੇ ਕੋਈ ਥਾਂ ਨਹੀਂ।

ਸਾਡੇ ਖਿਆਲ ਵਿਚ ਇਸ ਦਾ ਇਕੋ ਇਕ ਹੱਲ ਹੈ ਕਿ ਦੁਕਾਨਦਾਰਾਂ ਰਾਹੀਂ ਪਾਵਨ ਬੀੜਾਂ ਦੀ ਛਪਾਈ ਅਤੇ ਵਿਕਰੀ ਹਰ ਕੀਮਤ ਤੇ ਬੰਦ ਕਰਵਾਈ ਜਾਵੇ। ਜਿਵੇਂ ਵੀ ਹੋ ਸਕਦਾ ਹੈ, "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ" ਦੇ ਫੁਰਮਾਨ ਅਨੁਸਾਰ ਕੌਮ ਨੂੰ ਸਭ ਤੋਂ ਪਹਿਲਾਂ ਇਸ ਕਾਰਜ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ ਅਤੇ ਪਾਵਨ ਬੀੜਾਂ ਦੀ ਦੁਕਾਨਦਾਰਾਂ ਰਾਹੀਂ ਇਹ ਆਵਾ-ਜਾਈ ਫੌਰੀ ਬੰਦ ਕਰਵਾਉਣ ਦਾ ਹਰ ਹੀਲਾ ਕਰਨਾ ਚਾਹੀਦਾ ਹੈ। ਪਾਵਨ ਬੀੜਾਂ ਦੇ ਸਤਿਕਾਰ ਨੂੰ ਬਰਕਰਾਰ ਕਰਨ ਨਾਲ ਹੀ ਸਿਖ ਕੌਮ ਦੀ ਚੜ੍ਹਦੀ ਕਲਾ ਹੋ ਸਕਦੀ ਹੈ।

ਅੰਤ ਵਿਚ 'ਗਗਨ ਦਮਾਮਾ' ਯੂ. ਕੇ. ਦੇ ਮੈਨੇਜਰ ਸ: ਜਗਤਾਰ ਸਿੰਘ ਜੀ ਪਾਸ ਬਿਨੈ ਹੈ ਕਿ ਅਜਿਹੇ ਅਹਿਮ ਤੇ ਜ਼ਰੂਰੀ ਮਸਲਿਆਂ ਬਾਰੇ ਕੋਈ ਕਦਮ ਚੁਕਣ ਤੋਂ ਪਹਿਲਾਂ ਇਸ ਗੱਲ ਦੀ ਚੰਗੀ ਤਰ੍ਹਾਂ ਖੋਜ ਪੜਤਾਲ ਕਰ ਲੈਣੀ ਚਾਹੀਦੀ ਸੀ ਕਿ ਮਹਾਰਾਜ ਦੇ ਇਹ ਸਰੂਪ ਉਸ ਮੁਸਲਮਾਨ ਦੁਕਾਨਦਾਰ ਨੂੰ ਕੌਣ ਭੇਜ ਰਿਹਾ ਹੈ। ਉਨ੍ਹਾਂ ਚਤਰ ਸਿੰਘ ਐਂਡ ਸਨਜ਼ ਦਾ ਨਾਮ ਜੋ ਲਿਖਿਆ ਹੈ, ਇਸ ਨਾਮ ਦੀ ਫਰਮ ਤਾਂ ਸ੍ਰੀ ਅੰਮ੍ਰਿਤਸਰ ਵਿਚ ਹੈ ਹੀ ਕੋਈ ਨਹੀਂ ਅਤੇ ਇਸੇ ਤਰ੍ਹਾਂ ਗੁਟਕਿਆਂ ਤੇ ਸਿੰਘ ਬ੍ਰਦਰਜ਼ ਦੀਆਂ ਮੋਹਰਾਂ ਕਹੀਆਂ ਗਈਆਂ ਹਨ। ਇਹ ਵੀ ਸਿੱਧ ਨਹੀਂ ਹੋ ਸਕਿਆ, ਕਿਉਂਕਿ 'ਸਿੰਘ ਬ੍ਰਦਰਜ਼' ਨੇ ਤਾਂ ਗੁਰਬਾਣੀ ਦੇ ਗੁਟਕੇ ਛਾਪੇ ਹੀ ਕੋਈ ਨਹੀਂ ਹੋਏ। ਸੋ ਜਿਥੇ ਉਸ ਮੁਸਲਮਾਨ ਫ਼ਰਮ ਦਾ ਸਹੀ ਨਾਮ ਪਤਾ ਲਿਖਿਆ ਹੈ, ਉਥੇ ਪਾਵਨ ਬੀੜਾਂ ਤੇ ਗੁਟਕੇ ਭਿਜਵਾਣ ਵਾਲਿਆਂ ਦਾ ਵੀ ਸਹੀ ਨਾਮ ਪਤਾ ਲਿਖਣਾ ਚਾਹੀਦਾ ਹੈ, ਤਾਕਿ ਸਿਖ ਸੰਗਤਾਂ ਬੇਅਦਬੀ ਕਰਵਾਉਣ ਵਾਲੇ ਅਜਿਹੇ ਦੁਕਾਨਦਾਰਾਂ ਤੋਂ ਪੁਛ ਗਿਛ ਕਰ ਸਕਣ।

---

## ਖਟੜਾ ਚੁਹਾਰਮ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਉਜਾਗਰ ਸਿੰਘ ਖਾਲਸਾ ਫ਼ਰਵਾਲੀ (ਸੰਗਰੂਰ) ਸੂਚਨਾ ਦਿੰਦੇ ਹਨ ਕਿ ਪਿੰਡ ਖਟੜਾ (ਚੁਹਾਰਮ) ਭਾਈ ਅਮਰ ਸਿੰਘ ਜੀ ਦੇ ਗ੍ਰਿਹਿ ਵਿਖੇ ੧੨ ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਸਤਸੰਗ ਦੇ ਅਨੰਦ ਮਾਣੋ। ਪਿੰਡ ਖਟੜਾ ਗੌਰਮਿੰਟ ਕਾਲਜ ਕਰਮਸਰ ਤੋਂ ਡੇਢ ਮੀਲ ਹੈ। ਮੰਡੀ ਅਹਿਮਦ ਗੜ੍ਹ ਤੋਂ ਖੰਨਾ ਅਤੇ ਲੁਧਿਆਣਾ ਤੋਂ ਰਾੜਾ ਵਲ ਖਟੜਾ ਬਸ ਸਟੈਂਡ ਤੇ ਉਤਰੋ।

## ਸ਼ਹੀਦਾਂ ਦੇ ਅਸਥਾਨ ਤੇ ਮਾਸਕ ਰੈਣ ਸਬਾਈ ਕੀਰਤਨ

੧੯੭੮ ਦੀ ਵੈਸਾਖੀ ਦੇ ਸ਼ਹੀਦਾਂ ਦੀ ਯਾਦ ਵਿਚ ਗੁ: ਰਾਮਸਰ ਸਾਹਿਬ ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਹਰ ਮਹੀਨੇ ਵਾਂਗ ਰੈਣ ਸਬਾਈ ਕੀਰਤਨ ੧੨ ਜੁਲਾਈ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ

www.AKJ.Org

## ਪੁਲਿਸ ਵਲੋਂ ਸਖ਼ਤੀ ਤੇ ਅਤਿਆਚਾਰ

ਇਹ ਸਭ ਜਾਣਦੇ ਹਨ ਕਿ ਨਕਲੀ ਨਿਰੰਕਾਰੀ ਆਪਣੀਆਂ ਤਕਰੀਰਾਂ, ਲਿਖਤਾਂ ਅਤੇ ਸੰਮੇਲਨਾਂ ਵਿਚ ਗੁਰੂ ਸਾਹਿਬਾਨ ਅਤੇ ਸਿਖੀ ਰਵਾਇਤਾਂ ਦੀ ਤੌਹੀਨ ਵਿਚ ਅਬਾ ਤਬਾ ਬੋਲਦੇ ਤੇ ਲਿਖਦੇ ਹਨ। ਇਨ੍ਹਾਂ ਦੀਆਂ ਲਿਖਤਾਂ ਦੇ ਅਧਾਰ ਤੇ ਟਰੈਕਟਾਂ ਦੇ ਰੂਪ ਵਿਚ ਸਾਹਿਤ ਸ਼੍ਰ: ਗੁ: ਪ੍ਰ: ਕਮੇਟੀ ਵਲੋਂ ਛਪਵਾ ਕੇ ਨਕਲੀ ਨਿਰੰਕਾਰੀਆਂ ਦੇ ਆਸ਼ੇ ਤੇ ਉਦੇਸ਼ਾਂ ਬਾਰੇ ਚਾਨਣਾ ਪਾਇਆ ਗਿਆ। ਨਕਲੀ ਨਿਰੰਕਾਰੀਆਂ ਦੇ ਇਸ ਸਿਖ-ਵਿਰੋਧੀ ਪ੍ਰਾਪੇਗੰਡੇ ਕਾਰਨ ਸ੍ਰੀ ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਹੋਈਆਂ ਸ਼ਹੀਦੀਆਂ ਦੇ ਫਲ-ਸਰੂਪ ਖਾਲਸਾ ਪੰਥ ਦਾ ਬੱਚਾ ਬੱਚਾ ਇਨ੍ਹਾਂ ਦੇ ਹੱਥੋਂ ਦੁਖੀ ਹੈ। ਸਮੁੱਚੀ ਸਿਖ ਕੌਮ ਨੇ ਪ੍ਰੈਸ ਤੇ ਪਲੇਟਫਾਰਮ ਰਾਹੀਂ ਇਨ੍ਹਾਂ ਨਕਲੀ ਨਿਰੰਕਾਰੀਆਂ ਦੀਆਂ ਪੰਥ-ਵਿਰੋਧੀ ਤੇ ਮਨੁਖਤਾ-ਵਿਰੋਧੀ ਕਰਤੂਤਾਂ ਨੂੰ ਭੰਡਿਆ ਤੇ ਨਿੰਦਿਆ।

ਪਤਾ ਨਹੀਂ ਕਿਸੇ ਦੀ ਦੁਸ਼ਮਣੀ ਕਰਕੇ ਜਾਂ ਇਨ੍ਹਾਂ ਵਿਚੋਂ ਕਿਸੇ ਆਪਣੀ ਪਾਟੋ-ਧਾੜ ਕਰਕੇ, ਨਿਰੰਕਾਰੀ ਭਵਨ ਦਿਲੀ ਦੇ ਅੰਦਰੋਂ ਹੀ ਕਿਸੇ ਵਲੋਂ ਨਿਰੰਕਾਰੀ ਆਗੂ ਤੇ ਉਸ ਦੇ ਸਾਥੀ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਦੇ ਆਪਣੇ ਬੰਦਿਆਂ ਤੋਂ ਬਿਨਾਂ ਬਾਹਰੋਂ ਇਸ ਤਰ੍ਹਾਂ ਕਿਸੇ ਹੋਰ ਦਾ ਜਾ ਕੇ ਕਮਰੇ ਅੰਦਰੋਂ ਫ਼ਾਇਰ ਕਰਨਾ ਕਿਵੇਂ ਸੰਭਵ ਹੋ ਸਕਦਾ ਹੈ? ਲੋੜ ਤਾਂ ਹੈ ਕਿ ਅੰਦਰ ਵਸਦੇ ਤੇ ਅੰਦਰ ਆਂਦੇ ਜਾਂਦੇ ਬੰਦਿਆਂ ਕੋਲੋਂ ਪੁਛ ਗਿਛ ਕੇ ਸਾਰੀ ਗੱਲ ਲੱਭੀ ਜਾਏ। ਪਰ ਚੂੰਕਿ ਐਫ. ਆਈ. ਆਰ. ਵਿਚ ਨਿਜੀ ਦੁਸ਼ਮਣੀ ਖ਼ਾਤਰ ਨਕਲੀ ਨਿਰੰਕਾਰੀਆਂ ਵਲੋਂ ਮਹਿਤੇ ਵਾਲੇ ਜਥੇ ਦੇ ਆਗੂ ਭਾਈ ਸਾਹਿਬ ਜਰਨੈਲ ਸਿੰਘ ਜੀ ਦਾ ਨਾਂ ਲਿਖਾਇਆ ਗਿਆ ਹੈ ਇਸ ਕਰਕੇ ਉਸ ਜਥੇ ਦੇ ਬੰਦਿਆਂ ਨੂੰ ਅਤੇ ਸਿਖ ਕੌਮ ਦੇ ਹੋਰ ਪ੍ਰਤਿਸ਼ਟ ਸਜਣਾਂ ਨੂੰ ਥਾਂ ਥਾਂ ਤੋਂ ਫੜ ਫੜ ਕੇ ਨਾਜਾਇਜ਼ ਤੌਰ ਤੇ ਤੰਗ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਨ੍ਹਾਂ ਅਯੋਗ ਕਾਰਵਾਈਆਂ ਕਰਕੇ ਸਾਰੇ ਸਿਖ ਪੰਥ ਵਿਚ ਡਾਢਾ ਰੋਸ ਹੈ। ਇਸ ਅਯੋਗ ਫੜਾ-ਫੜਾਈ ਤੋਂ ਪੁਲਸ ਅਤੇ ਸਰਕਾਰ ਨੂੰ ਸੰਕੋਚ ਤੋਂ ਕੰਮ ਲੈਣਾ ਚਾਹੀਦਾ ਹੈ।

## ਨਕਲੀ ਨਿਰੰਕਾਰੀਆਂ ਦੇ ਚਾਰ ਧੜੇ—ਖਾਨਾ-ਜੰਗੀ ਤੇਜ਼ ਹੋ ਗਈ

ਨਕਲੀ ਨਿਰੰਕਾਰੀਆਂ ਦੀ ਕਰੋੜਾਂ ਦੀ ਜਾਇਦਾਦ ਅਤੇ ਗਦੀ ਦੀ ਲਾਲਸਾ ਵਜੋਂ ਚਾਰ ਧੜੇ ਆਪਸ ਵਿਚ ਸਖਤ ਉਲਝ ਰਹੇ ਹਨ। ਇਨ੍ਹਾਂ ਵਿਚੋਂ ਇਕ ਧੜਾ ਤਾਂ ਖਾਨਦਾਨੀ ਗਦੀ-ਨਸ਼ੀਨੀ ਦੇ ਖਿਲਾਫ ਹੈ। ਉਹ ਇਸ ਪਰੰਪਰਾ ਦਾ ਵਿਰੋਧ ਕਰ ਰਹੇ ਹਨ। ਇਸ ਹੰਗਾਮੇ ਵਿਚ ਤਿੰਨ ਉਮੀਦਵਾਰ ਗਦੀ ਦੇ ਦਾਅਵੇਦਾਰ ਹਨ: (੧) ਨਰਿੰਜਨ ਸਿੰਘ (ਪੰਜਾਬ) ਗੋਬਿੰਦ ਸਿੰਘ (੩) ਹੇਮ ਰਾਜ ਚੱਢਾ (ਦਿਲੀ)।

ਇਸ ਤੋਂ ਇਲਾਵਾ ਕੁਲਵੰਤ ਕੌਰ ਨੂੰ ਵੀ ਗਦੀ ਦੁਆਣ ਵਾਲੇ ਲੰਗੋਟੇ ਕੱਸ ਰਹੇ ਹਨ। ਅਸਲ ਵਿਚ ਮੰਡਲ ਦੀਆਂ ਸਫ਼ਾਂ ਵਿਚ ਜਨਸੰਘੀ ਅਨਸਰ ਘੁਸ ਗਿਆ ਹੈ। ਉਹ ਇਸ ਗੱਦੀ ਨੂੰ ਹੜੱਪਣਾ ਚਾਹੁੰਦੇ ਹਨ। ਹੇਮ ਰਾਜ ਚੱਢਾ ਦੇ ਉਹ ਸਮਰਥਕ ਹਨ। ਪੰਜਾਬੀ ਸਮਾਚਾਰ ਦੇ ਕਾਲਮਾਂ ਵਿਚ ਇਹ ਗਲ ਵਾਰ ਵਾਰ ਦੁਹਰਾਈ ਗਈ ਕਿ ਨਕਲੀ ਨਿਰੰਕਾਰੀ ਦੇ ਕਤਲ ਵਿਚ ਉਪਰੋਕਤ ਖਾਨਾਜੰਗੀ ਦਾ ਹੱਥ ਵੀ ਹੋ ਸਕਦਾ ਹੈ। ਸੀ. ਬੀ. ਆਈ. ਦੇ ਕੁਝ ਅਧਿਕਾਰੀਆਂ ਦਾ ਧਿਆਨ ਹੁਣ ਇਸ ਗਲ ਵਲ ਪਿਆ ਹੈ। ਪੰਜਾਬੀ ਸਮਾਚਾਰ ਬੰਬੇ ੨੦.੬ ੮੦.

---

## *ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ*

### ਸ਼ਹੀਦੀ ਫੰਡ

| | | |
|---|---|---|
| ਸੂਰਾ ਅਪ੍ਰੈਲ ੮੦ ਵਿਚ ਬਾਕੀ | | ੬੧੭੫੦—੩੩ |
| ਬੀਬੀ ਬਚਨ ਕੌਰ ਅਠਵਾਲ | ੧੦ ਪੌਂਡ | |
| ਬੀਬੀ ਸਵਰਨ ਕੌਰ ਯੂ. ਕੇ. | ੧੦ ਪੌਂਡ | |
| ਬੀਬੀ ਰੇਸ਼ਮ ਕੌਰ ,, | ੫ ਪੌਂਡ | |
| ਬੀਬੀ ਰਣਜੀਤ ਕੌਰ ,, | ੫ ਪੌਂਡ | |
| ਬਾਟਾ ਸੂ ਫੈਕਟਰੀ ਦੀਆਂ ਬੀਬੀਆਂ | ੧੨ ਪੌਂਡ | ੭੩੫—੦੦ |
| ਕੈਪਟਨ ਜੀ. ਐਸ. ਬਿੰਦਰਾ ਨਵੀਂ ਦਿੱਲੀ | | ੨੦੦—੦੦ |
| ਬੈਂਕ ਸੂਦ | | ੧੪੭੦-੧੦ |
| | ਜੋੜ | ੬੪੧੫੫-੪੬ |
| | ਖ਼ਰਚ | ੯੫੩੭-੪੦ |
| | ਬਾਕੀ | ੫੪੬੧੮-੦੩ |
| ਡਾਕ ਖਰਚ ੨੦-੬-੮੦ ਤਕ | | ੧—੪੦ |
| ਅਖਬਾਰਾਂ ਤਿੰਨ ਮਹੀਨੇ | | ੩੬—੦੦ |
| ਅਪੀਲ ਦੇ ਖਰਚਿਆਂ ਲਈ ਵਕੀਲ ਨੂੰ | | ੧੫੦੦—੦੦ |
| ਕੇਂਦਰੀ ਫੰਡ ਨੂੰ ਦਸਤੀ ਉਧਾਰ ਸ੍ਰੀ ਹੇਮਕੁੰਟ ਕੇਸ ਲਈ | | ੮੦੦੦—੦੦ |
| | ਜੋੜ ਖਰਚ | ੯੫੩੭—੪੦ |

### ਕੇਂਦਰੀ ਫੰਡ

| | | |
|---|---|---|
| ਸੂਰਾ ਅਪ੍ਰੈਲ ੮੦ ਵਿਚ ਬਾਕੀ | | ੩੩੭੧—੮੬ |
| ਸੰਗਤ ਅਖੰਡ ਕੀਰਤਨੀ ਜਥਾ ਕਾਨਪੁਰ | | ੧੧੦੦—੦੦ |
| ਸ਼ਹੀਦੀ ਫੰਡ ਤੋਂ ਦਸਤੀ ਉਧਾਰੇ ਲਏ | | ੮੦੦੦—੦੦ |
| ਲੈ: ਕਰਨਲ ਕੁਲਵੰਤ ਸਿੰਘ ਜੀ | | ੯੬—੦੦ |
| | ਜੋੜ | ੧੨੫੬੭—੮੬ |
| | ਖਰਚ | ੮੦੧੭—੮੫ |
| | ਬਾਕੀ | ੪੫੫੦—੦੧ |
| ਸ੍ਰੀ ਹੇਮਕੁੰਟ ਕੇਸ ਲਈ ਸਿੰਘਾਂ ਨੂੰ ਸਹਾਇਤਾ ਦਿੱਤੀ ਸ਼ਹੀਦੀ ਫੰਡ ਤੋਂ ਉਧਾਰੀ ਰਕਮ | | ੮੦੦੦—੦ |
| ਡਾਕ ਖਰਚ | | ੧੭—੮੫ |
| | | ੮੦੧੭—੮੫ |

ਨੋਟ:—ਧਰਮ ਪਰਚਾਰ ਲਈ ਕੇਂਦਰੀ ਫੰਡ ਵਿਚ ਕੁਝ ਹੋਰ ਮਾਇਆ ਦੀ ਲੋੜ ਹੈ।

ਮਿਤੀ ੨੫-੬-੮੦ ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਸ੍ਰੀ ਅੰਮ੍ਰਿਤਸਰ

www.AKJ.Org

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ ਮੈਂਬਰ

ਹੇਠਾਂ ਦਰਜ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਬੈਂਕ ਚੋਂ ਬਣਵਾਈਆਂ ਗਈਆਂ ਐਫ ਡੀਆਂ ਦੇ ਨੰਬਰ ਇਸ ਪ੍ਰਕਾਰ ਹਨ :–

| | | | |
|---|---|---|---|
| 654. ਸ: ਕੇਹਰ ਸਿੰਘ ਸਿਧੂ ਕਾਨਪੁਰ | (ਚਿਟ ਨੰ: 3654) | 987566/577/80 | ਮਿਤੀ 23.6.80 |
| 655. ਸ: ਜਤਿੰਦਰਜੀਤ ਸਿੰਘ ਅੰਮ੍ਰਿਤਸਰ | ( ,, ,, 3655) | 987556/567/80 | ,, |
| 656. ਸ: ਪ੍ਰਿਤਪਾਲ ਸਿੰਘ ਫਰੀਦਾਬਾਦ | ( ,, ,, 3656) | 987557/568/80 | ,, |
| 657. ਡਾ: ਸੀ. ਪੀ. ਸਿੰਘ ਫਿਰੋਜ਼ਪੁਰ ਛਾਉਣੀ | ( ,, ,, 3657) | 987558/569/80 | ,, |
| 658. ਸ: ਸਤਨਾਮ ਸਿੰਘ S/o ਸ: ਉਜਾਗਰ ਸਿੰਘ | ( ,, ,, 3658) | 987559/570/80 | ,, |
| 659. ਸ: ਸੁਰਜੀਤ ਸਿੰਘ S/o. ਸ: ਦੇਹਰਾ ਸਿੰਘ | ( ,, ,, 3659) | 987560/571/80 | ,, |
| 660. ਕੈਪਟਨ ਪੀ. ਐਸ. ਗਿਲ | ( ,, ,, 3660) | 987561/572/80 | ,, |
| 661. ਸ: ਮਹਿੰਦਰ ਸਿੰਘ ਕਲਸੀ ਫਿਰੋਜ਼ਪੁਰ | ( ,, ,, 3661) | 987562/573/80 | ,, |
| 662. ਸ: ਤੇਜਿੰਦਰ ਸਿੰਘ ਡਾਇਰੈਕਟਰ | ( ,, ,, 3662) | 987563/574/80 | ,, |
| 663. ਸ: ਮਹਿੰਦਰ ਸਿੰਘ ਅਕਾਊਂਟ ਅਫਸਰ | ( ,, ,, 3663) | 987564/575/80 | ,, |
| 664. ਸ: ਹਰਿੰਦਰ ਸਿੰਘ M.Sc. ਚੰਡੀਗੜ੍ਹ | ( ,, ,, 6643) | 987565/576/80 | ,, |

ਪ੍ਰਦੇਸ ਰੇਟ ਯੂ ਕੇ. ਅਫਰੀਕਾ ਆਦਿ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

---

## ਰਿਸ਼ਤੇ ਨਾਤੇ–

ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਮਾਈ ਸੇਵਾ, ਸ੍ਰੀ ਅੰਮ੍ਰਿਤਸਰ ਨੂੰ ਲਿਖਣ ਅਤੇ ਲਫ਼ਾਫ਼ੇ ਦੇ ਬਾਹਰ ਫ਼ਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬਚਿਆਂ ਲਈ ਹੀ ਚਿੱਠੀ ਪੱਤਰ ਕਰੋ।

ਫਾਰਮ ਨੰ: 111 ਇਕ ਕੀਰਤਨੀ ਅੰਮ੍ਰਿਤਧਾਰੀ ਬੀਬੀ, ਉਮਰ 23½ ਸਾਲ, ਕਦ 5'-3½'' B. Sc. ਪਾਸ ਤੇ M A. ਕਰ ਰਹੀ ਹੈ। ਪਿਤਾ ਫੌਜੀ ਅਫਸਰ ਹੈ। ਲਈ ਬੈਂਕ ਜਾਂ ਫੌਜ ਵਿਚ ਜਾਂ I.A.S. ਅਫਸਰ ਵਰ ਦੀ ਲੋੜ ਹੈ।

ਫਾਰਮ ਨੰ: 112 ਇਕ ਅੰਮ੍ਰਿਤਧਾਰੀ 28 ਸਾਲਾ ਕਦ 5'-7'' ਪੰਜਵੀਂ ਪਾਸ। ਫਰੂਟ ਦੀ ਦੁਕਾਨ, ਮਾਸਕ ਆਮਦਨ 600/- ਲਈ ਨਿਤਨੇਮਣ ਬੀਬੀ ਦੀ ਲੋੜ ਹੈ।

ਫਾਰਮ ਨੰ: 113 ਇਕ 27 ਸਾਲਾ ਅੰਮ੍ਰਿਤਧਾਰੀ ਸਿੰਘ, ਕਦ 5'-5'' ਮੈਟਰਿਕ ਪਾਸ, I.T.I. ਇੰਸਟਰੂਮੈਂਟ ਮਕੈਨਿਕ ਸਰਕਾਰੀ ਨੌਕਰੀ, ਤਨਖਾਹ 500/- ਲਈ ਅੰਮ੍ਰਿਤਧਾਰੀ ਕੇਸਕੀ ਸਹਿਤ ਬੀਬੀ ਦੀ ਲੋੜ ਹੈ।

ਫਾਰਮ ਨੰ: 114 ਇਕ 27 ਸਾਲਾ ਸਿੰਘ ਕਦ 5'-6'', ਹਾਇਰ ਸੈਕੰਡਰੀ ਪਾਸ, ਲੋਹੇ ਪਿਤਲ ਦੀਆਂ ਮੋਹਰਾਂ ਬਣਾਉਣ ਦਾ ਕੰਮ, ਮਾਸਕ ਆਮਦਨ 600/-, ਲਈ ਯੋਗ ਬੀਬੀ ਦੀ ਲੋੜ ਹੈ।

ਫਾਰਮ ਨੰ: 115 ਇਕ ਸਾਢੇ 25 ਸਾਲਾ ਅੰਮ੍ਰਿਤਧਾਰੀ ਸਿੰਘ, ਕਦ 5'-9'', ਐਮ.ਏ. ਗਿਆਨੀ। ਚੰਡੀਗੜ੍ਹ ਵਿਚ ਸੀਨੀਅਰ ਕਲਰਕ ਮਾਸਕ ਆਮਦਨ 750/-, ਲਈ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ। ਸਰਵਿਸ ਜਾਂ ਕੀਰਤਨੀ ਅਖੰਡਪਾਠਣ ਨੂੰ ਪਹਿਲ ਦਿਤੀ ਜਾਏਗੀ।

ਫਾਰਮ ਨੰ: 116 ਇਕ 34 ਸਾਲਾ ਬੀਬੀ B.A.B.Ed. ਅਧਿਆਪਕਾ ਤਨਖਾਹ 900/-, ਰੁਪਏ, ਕਦ 5'-3'' ਲਈ ਜ਼ਿਮੀਦਾਰ ਪ੍ਰਵਾਰ ਵਿਚੋਂ ਯੋਗ ਵਰ ਦੀ ਲੋੜ ਹੈ।

ਫਾਰਮ ਨੰ: 117 ਇਕ ਅੰਮ੍ਰਿਤਧਾਰੀ 18 ਸਾਲਾ ਬੀਬੀ ਮੈਡੀਕਲ ਪੜ੍ਹ ਰਹੀ, ਕਦ 5'-2'' ਲਈ ਜ਼ਿਮੀਦਾਰ ਘਰਾਣੇ ਵਿਚੋਂ ਪੜ੍ਹੇ ਲਿਖੇ ਸਰਵਿਸਮੈਨ ਅੰਮ੍ਰਿਤਧਾਰੀ ਵਰ ਦੀ ਲੋੜ ਹੈ, ਮੈਡੀਕਲ ਵਾਲੇ ਨੂੰ ਪਹਿਲ ਦਿਤੀ ਜਾਏਗੀ।

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਨਾਲ ਹੀ ਨਿਤਨੇਮ ਦੇ ਸਾਥੀ ਸੰਤ ਜਵਾਲਾ ਸਿੰਘ ਜੀ ਦੇ ਦਰਸ਼ਨ ਹੋ ਰਹੇ ਹਨ ।



## ਲੁਧਿਆਣੇ ਵਿਖੇ ਭਾ: ਸਾ: ਭਾ: ਰਣਧੀਰ ਸਿੰਘ ਦਾ ਜਨਮ ਸ਼ਤਾਬਦੀ ਸਮਾਗਮ

4 ਜੁਲਾਈ ਸ਼ੁਕਰਵਾਰ ਸਵੇਰ ਤੋਂ 7 ਜੁਲਾਈ 1980 ਸੋਮਵਾਰ ਸਵੇਰ ਤਕ

ਸਰਬਤ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਪੰਥ ਰਤਨ ਗੁਰਮੁਖ ਪਿਆਰੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੨ ਵਾਂ ਜਨਮ ਸ਼ਤਾਬਦੀ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਿਹਾ ਹੈ । ਸਮਾਗਮ ਵਿਚ ਸ਼ਾਮਲ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

| | ਸਵੇਰ | ਰਾਤ |
|---|---|---|
| 4 ਜੁਲਾਈ | ਕੀਰਤਨ ਆਸਾ ਦੀ ਵਾਰ 5 ਤੋਂ 7-15, ਉਪਰੰਤ ਸ੍ਰੀ ਅਖੰਡਪਾਠ ਅਰੰਭ | ਅਖੰਡ ਕੀਰਤਨ 8 ਤੋਂ 9-30 |
| 5 ਜੁਲਾਈ | ਕੀਰਤਨ ਆਸਾ ਦੀ ਵਾਰ 4-30 ਤੋਂ 10 ਵਜੇ ਤਕ | ਅਖੰਡ ਕੀਰਤਨ 8 ਤੋਂ 9-30 |
| 6 ਜੁਲਾਈ | ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਦੁਪਹਿਰ ਤਕ | ਰੈਣ ਸਬਾਈ ਕੀਰਤਨ 8-30 ਅਰੰਭ |
| 7 ਜੁਲਾਈ | ਭੋਗ ਰੈਣ ਸਬਾਈ ਕੀਰਤਨ । | |

ਨੋਟ :—(੧) ਅੰਮ੍ਰਿਤ-ਸੰਚਾਰ ਸਮਾਗਮ 6 ਜੁਲਾਈ ਐਤਵਾਰ ਦੁਪਹਿਰ ਤੋਂ ਬਾਅਦ ਹੋਵੇਗਾ ।
(੨) ਸੰਗਤਾਂ ਉਤਾਰੇ ਵਾਸਤੇ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਪੁਜਣ ।

ਪੁਛ ਗਿਛ : ਡਾ: ਦਰਸ਼ਨ ਸਿੰਘ, 8/9 ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ
ਭਾ: ਦਿਆਲ ਸਿੰਘ, 791 ਗੁਰਦੇਵ ਨਗਰ, ਲੁਧਿਆਣਾ

ਦਰਸ਼ਨ ਅਭਿਲਾਖੀ ਦਾਸਰੇ — ਅਖੰਡ ਕੀਰਤਨੀ ਜਥਾ, ਲੁਧਿਆਣਾ

'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

Title : Navketan Press, Amritsar.

www.AKJ.Org